Space for Available for Advertising
WWW.PREETNEWS.COM
WWW.PREETNAMA.COM
preetnamausa @gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ
ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 350, 17 ਅਪ੍ਰੈਲ ਤੋਂ 23 ਅਪ੍ਰੈਲ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਭਾਰਤ ਦੀ ਲੋਕ ਸਭਾ ਵਿੱਚ ਮੈਂਬਰਾਂ ਦੀ ਗਿਣਤੀ 850 ਕਰਨ ਅਤੇ ਔਰਤਾਂ ਲਈ 33 ਫ਼ੀਸਦੀ ਰਾਖਵੇਂਕਰਨ ਵਾਲੇ ਬਿੱਲਾਂ ਦੀ ਅਲੋਚਨਾ ਕਿਉਂ ਹੋ ਰਹੀ ਹੈ

ਲੋਕ ਸਭਾ ਵਿੱਚ ਮੈਂਬਰਾਂ ਦੀ ਗਿਣਤੀ 543 ਤੋਂ ਵੱਧ ਕੇ 850 ਹੋ ਜਾਵੇਗੀ ਅਤੇ ਸੰਸਦ ਦੇ ਹੇਠਲੇ ਸਦਨ ਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਔਰਤਾਂ ਦੀਆਂ ਸੀਟਾਂ ਇੱਕ ਤਿਹਾਈ ਹੋ ਜਾਣਗੀਆਂ, ਕੇਂਦਰ ਸਰਕਾਰ ਨੇ ਮੰਗਲਵਾਰ ਨੂੰ ਸੰਸਦ ਮੈਂਬਰਾਂ ਨੂੰ ਵੰਡੇ ਤਿੰਨ ਬਿੱਲਾਂ ਦੇ ਖਰੜਿਆਂ ਵਿੱਚ ਇਹ ਦੋ ਇਤਿਹਾਸਕ ਬਦਲਾਅ ਪੇਸ਼ ਕੀਤੇ ਹਨ।

ਇਹ ਬਿੱਲ 16-18 ਅਪ੍ਰੈਲ ਤੱਕ ਚੱਲਣ ਵਾਲੇ ਸੰਸਦ ਦੇ ਸਪੈਸ਼ਲ ਸਦਨ ਵਿੱਚ ਪੇਸ਼ ਕੀਤੇ ਜਾ ਰਹੇ ਹਨ।

ਮਹਿਲਾਵਾਂ ਲਈ ਰਾਖਵੇਂਕਰਨ ਵਾਲਾ ਬਿੱਲ 2023 ਵਿੱਚ ਪਾਸ ਕੀਤੇ ਗਏ 'ਨਾਰੀ ਸ਼ਕਤੀ ਵੰਦਨ ਅਧਿਨਿਯਮ' 'ਤੇ ਅਧਾਰਿਤ ਹਨ, ਜਿਸ ਵਿੱਚ ਔਰਤਾਂ ਲਈ 33 ਫ਼ੀਸਦੀ ਰਾਖਵਾਂਕਰਨ ਰੱਖਿਆ ਗਿਆ ਪਰ ਇਸ ਨੂੰ ਭਵਿੱਖ ਦੀ ਮਰਦਮਸ਼ੁਮਾਰੀ ਅਤੇ ਹੱਦਬੰਦੀ ਪ੍ਰਕਿਰਿਆ ਨਾਲ ਜੋੜ ਦਿੱਤਾ ਗਿਆ ਸੀ।

**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਵਿੱਚ ਕੀ ਕਿਹਾ ?**

ਭਾਵੇਂ 2023 ਦਾ ਇਹ ਐਕਟ ਸੰਸਦ ਵਿੱਚ ਤਕਰੀਬਨ ਸਰਬਸੰਮਤੀ ਨਾਲ ਪਾਸ ਹੋਇਆ ਸੀ, ਪਰ ਇਸੇ ਕਾਰਨ ਕਈਆਂ ਨੇ ਚਿੰਤਾ ਜ਼ਾਹਿਰ ਕੀਤੀ ਸੀ ਕਿ ਇਸ ਰਾਖਵੇਂਕਰਨ ਨੂੰ ਲਾਗੂ ਕਰਨ ਵਿੱਚ ਇੱਕ ਦਹਾਕੇ ਤੋਂ ਵੱਧ ਦਾ ਸਮਾਂ ਲੱਗ ਸਕਦਾ ਹੈ। ਜੇ, ਮੰਗਲਵਾਰ ਨੂੰ ਪੇਸ਼ ਕੀਤੇ ਇਹ ਤਿੰਨੋਂ ਬਿੱਲ ਪਾਸ ਹੋ ਜਾਂਦੇ ਹਨ ਤਾਂ 2029 ਦੀਆਂ ਚੋਣਾਂ ਵਿੱਚ ਰਾਖਵਾਂਕਰਨ ਲਾਗੂ ਕਰਨ ਦਾ ਰਾਹ ਪੱਧਰਾ ਕਰ ਦੇਣਗੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਦਿਨਾਂ ਦੇ ਵਿਸ਼ੇਸ਼ ਸੈਸ਼ਨ ਦੌਰਾਨ ਮਹਿਲਾ ਰਾਖਵੇਂਕਰਨ ਬਾਰੇ ਆਪਣੇ ਸੰਬਧੋਨ ਦੌਰਾਨ ਕਿਹਾ ਕਿ ਜੋ ਅੱਜ ਇਸ ਬਿੱਲ ਦਾ ਵਿਰੋਧ ਕਰਨਗੇ, ਉਨ੍ਹਾਂ ਨੂੰ ਲੰਬੇ ਸਮੇਂ ਤੱਕ ਇਸ ਦੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਕਿਹਾ ਕਿ ਹੁਣ ਦੇਸ਼ ਦੀਆਂ ਭੈਣਾਂ 'ਤੇ ਭਰੋਸਾ ਕਰੋ, 33 ਫੀਸਦੀ ਔਰਤਾਂ ਨੂੰ ਇੱਥੇ ਆਉਣ ਦਿਓ ਅਤੇ ਉਨ੍ਹਾਂ ਨੂੰ ਫ਼ੈਸਲੇ ਕਰਨ ਦਿਓ।

ਮਹਿਲਾ ਰਾਖਵੇਂਕਰਨ ਬਾਰੇ ਉਨ੍ਹਾਂ ਕਿਹਾ ਕਿ ਦੇਸ਼ ਦੀ 50 ਫੀਸਦੀ ਆਬਾਦੀ ਨੂੰ ਨੀਤੀ-ਨਿਰਮਾਣ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ, ÷ਮੈਨੂੰ ਸਭ ਨੂੰ ਨਾਲ ਲੈ ਕੇ ਚੱਲਣਾ ਹੈ ਅਤੇ ਮੈਨੂੰ ਸੰਵਿਧਾਨ ਨੇ ਇਹੀ ਸਿਖਾਇਆ ਹੈ।

ਹਾਲਾਂਕਿ, ਮੰਗਲਵਾਰ ਨੂੰ ਵਿਰੋਧੀ ਧਿਰ ਦੇ ਨੇਤਾਵਾਂ ਨੇ ਇਨ੍ਹਾਂ ਤਿੰਨਾਂ ਬਿੱਲਾਂ ਦੀ ਅਲੋਚਨਾ ਕੀਤੀ ਸੀ। ਪਹਿਲਾਂ, ਉਨ੍ਹਾਂ ਨੇ ਸਰਕਾਰ 'ਤੇ ਪੱਛਮੀ ਬੰਗਾਲ ਅਤੇ ਤਾਮਿਲਨਾਡੂ ਦੀਆਂ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਔਰਤ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰਦਿਆਂ ਖ਼ੁਸ਼ ਕਰਨ ਦੀ ਸਿਆਸਤ ਦਾ ਇਲਜ਼ਾਮ ਲਗਾਇਆ। ਇਸ ਤੋਂ ਬਾਅਦ ਤਿੱਖੀ ਅਲੋਚਨਾ, ਲੋਕ ਸਭਾ ਮੈਂਬਰਾਂ ਦੀ ਗਿਣਤੀ ਵਧਾ ਕੇ 850 ਕਰਨ ਦੇ ਪ੍ਰਸਤਾਵ 'ਤੇ ਹੋਈ। ਵਿਰੋਧੀ ਧਿਰ ਦੇ ਕਈ ਨੇਤਾਵਾਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਸੀਟਾਂ ਦੀ ਹੱਦਬੰਦੀ ਦੇ ਮਾਪਦੰਡ, ਦੱਖਣੀ ਸੂਬਿਆਂ ਦੀ ਨੁਮਾਇੰਦਗੀ ਘਟਾ ਸਕਦੇ ਹਨ।




ਆਓ ਇਨ੍ਹਾਂ ਤਿੰਨਾਂ ਬਿੱਲਾਂ ਵਿਚਲੇ ਪ੍ਰਸਤਾਵ ਅਤੇ ਉਨ੍ਹਾਂ ਨਾਲ ਜੁੜੇ ਵਿਵਾਦਾਂ ਬਾਰੇ ਵਿਸਥਾਰ ਵਿੱਚ ਵਿਸ਼ਲੇਸ਼ਣ ਕਰਦੇ ਹਾਂ।

**1. ਲੋਕ ਸਭਾ ਵਿੱਚ ਮੈਂਬਰਾਂ ਦੀ ਗਿਣਤੀ 850**

ਸੰਵਿਧਾਨ ਸੋਧ ਬਿੱਲ 2026 ਵਿੱਚ ਪ੍ਰਸਤਾਵ ਹੈ ਕਿ ਲੋਕ ਸਭਾ ਵਿੱਚ ਵੱਧ ਤੋਂ ਵੱਧ ਸੀਟਾਂ 850 ਹੋਣਗੀਆਂ, ਜਿਨ੍ਹਾਂ ਵਿੱਚੋਂ 815 ਸੂਬਿਆਂ ਤੋਂ ਅਤੇ 35 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਹੋਣਗੀਆਂ। ਮੌਜੂਦਾ ਸਮੇਂ, ਲੋਕ ਸਭਾ ਦੇ 543 ਮੈਂਬਰ ਹਨ ਅਤੇ ਸੰਵਿਧਾਨ ਦੀ ਮੌਜੂਦਾ ਮਦ ਮੁਤਾਬਕ ਵੱਧ ਤੋਂ ਵੱਧ 550 ਹੋ ਸਕਦੇ ਹਨ।

ਇਹ ਬਿੱਲ ਸੰਵਿਧਾਨ ਦੀ ਧਾਰਾ 81 ਵਿੱਚ ਸੋਧ ਕਰਨ ਦਾ ਪ੍ਰਸਤਾਵ ਵੀ ਰੱਖਦਾ ਹੈ ਤਾਂ ਜੋ ਉਸ ਵਿਵਸਥਾ ਨੂੰ ਹਟਾਇਆ ਜਾ ਸਕੇ ਜਿਸ ਵਿੱਚ 1971 ਦੀ ਮਰਦਮਸ਼ੁਮਾਰੀ ਦੇ ਅਧਾਰ 'ਤੇ ਸੀਟਾਂ ਦੀ ਗਿਣਤੀ ਨੂੰ 'ਫਰੀਜ਼' ਕਰ ਦਿੱਤਾ ਗਿਆ ਸੀ। ਧਾਰਾ 81 ਦੀ ਇਸ ਮਦ ਕਰਕੇ ਹੀ 1976 ਤੋਂ ਬਾਅਦ ਲੋਕ ਸਭਾ ਦਾ ਸਰੂਪ ਨਹੀਂ ਬਦਲਿਆ ਗਿਆ।

ਇਸ ਲਈ ਜੇਕਰ 1971 ਦੀ ਮਰਦਮਸ਼ੁਮਾਰੀ, ਲੋਕ ਸਭਾ ਦੇ ਮੌਜੂਦਾ ਸਾਈਜ਼ ਦਾ ਅਧਾਰ ਸੀ ਤਾਂ ਵਿਸਥਾਰਿਤ ਲੋਕ ਸਭਾ ਲਈ ਹਵਾਲਾ ਬਿੰਦੂ ਕਿਹੜਾ ਹੋਵੇਗਾ ?

ਇਸ ਸਵਾਲ ਦਾ ਜਵਾਬ 'ਹੱਦਬੰਦੀ ਬਿੱਲ 2026' ਵਿੱਚ ਹੈ, ਜਿਸ ਨੂੰ ਵਿਸ਼ੇਸ਼ ਸੈਸ਼ਨ ਵਿੱਚ ਪੇਸ਼ ਕੀਤਾ ਜਾਣਾ ਹੈ। ਇਸ ਬਿੱਲ ਦੇ ਉਦੇਸ਼ਾਂ ਵਿੱਚ ਲਿਖਿਆ ਗਿਆ ਹੈ ਕਿ ਹੱਦਬੰਦੀ ਦੀ ਪ੍ਰਕਿਰਿਆ ਤਾਜ਼ਾ ਪ੍ਰਕਾਸ਼ਿਤ ਜਨਗਣਨਾ 'ਤੇ ਅਧਾਰਿਤ ਹੋਵੇਗੀ, ਜੋ ਕਿ 2011 ਵਿੱਚ ਕਰਵਾਈ ਗਈ ਜਨਗਣਨਾ ਹੈ। ਇਸ ਨੁਕਤੇ ਨੂੰ ਲੈ ਕੇ ਦੱਖਣੀ ਭਾਰਤ ਦੇ ਸੂਬੇ ਆਪਣੀ ਨੁਮਾਇੰਦਗੀ ਘੱਟ ਹੋਣ ਬਾਰੇ ਚਿੰਤਤ ਹਨ।

ਹੁਣ ਤੱਕ, ਹਰ ਸੂਬੇ ਨੂੰ ਮਿਲਣ ਵਾਲੇ ਸੰਸਦੀ ਹਲਕਿਆਂ ਦੀ ਗਿਣਤੀ ਇਸ ਮਾਪਦੰਡ ਨਾਲ ਤੈਅ ਕੀਤੀ ਜਾਂਦੀ ਰਹੀ ਹੈ ਕਿ ਸੂਬੇ ਦੀ ਅਬਾਦੀ ਅਤੇ ਚੋਣ ਹਲਕਿਆਂ ਦਾ ਅਨੁਪਾਤ ਸਾਰੇ ਸੂਬਿਆਂ ਵਿੱਚ ਬਰਾਬਰ ਹੋਵੇ।

**2. ਦੱਖਣੀ ਭਾਰਤੀ ਸੂਬਿਆਂ ਨੂੰ ਇਤਰਾਜ਼**

ਪਿਛਲੇ ਸਾਲਾਂ ਦੌਰਾਨ, ਭਾਰਤ ਵਿੱਚ ਅਬਾਦੀ ਵਾਧੇ ਵਿੱਚ ਅਸੰਤੁਲਨ ਦੇਖਿਆ ਗਿਆ ਹੈ ਅਤੇ ਜਿੱਥੇ ਦੱਖਣੀ ਸੂਬਿਆਂ ਨੇ ਜਨਮ ਦਰ ਨੂੰ ਕਾਬੂ ਕਰਨ ਵਿੱਚ ਬਿਹਤਰ ਪ੍ਰਦਰਸ਼ਨ ਕੀਤਾ ਹੈ। ਅਧਿਐਨਾਂ ਮੁਤਾਬਕ, ਜੇਕਰ ਮੌਜੂਦਾ ਸਥਿਤੀ ਵਿੱਚ ਅਬਾਦੀ ਦੇ ਅਨੁਪਾਤ ਮੁਤਾਬਕ ਸੀਟਾਂ ਬਾਰੇ ਉਹੀ ਮਾਪਦੰਡ ਲਾਗੂ ਕੀਤੇ ਜਾਂਦੇ ਹਨ, ਦੱਖਣੀ ਸੂਬਿਆਂ ਦੀ ਨੁਮਾਇੰਗੀ ਘਟ ਜਾਵੇਗੀ। ਸਿਆਸੀ ਕਾਲਮ ਲੇਖਕ ਅਦਿਤੀ ਫੜਨੀਸ ਨੇ ਬੀਬੀਸੀ ਨੂੰ ਦੱਸਿਆ, ਕਾਫ਼ੀ ਪ੍ਰਗਤੀਸ਼ੀਲ ਮੰਨੇ ਜਾਣ ਵਾਲੇ ਦੱਖਣੀ ਸੂਬਿਆਂ ਨੇ ਸੁਚੇਤ ਹੋ ਕੇ ਪਰਿਵਾਰ ਨਿਯੋਜਨ ਨੀਤੀਆਂ ਦਾ ਪਾਲਣ ਕੀਤਾ ਹੈ ਅਤੇ ਛੋਟੇ ਪਰਿਵਾਰਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੱਖਣੀ ਸੂਬਿਆਂ ਨੂੰ ਮਹਿਸੂਸ ਹੋਵੇਗਾ ਕਿ ਅਬਾਦੀ ਵਾਧੇ ਨੂੰ ਰੋਕਣ ਲਈ ਉਨ੍ਹਾਂ ਦੀਆਂ ਕੋਸ਼ਿਸ਼ਾਂ ਉਨ੍ਹਾਂ ਲਈ ਨੁਕਸਾਨਦੇਹ ਹੋਈਆਂ।÷



ਸਰਕਾਰ ਨੇ ਵਾਰ-ਵਾਰ ਭਰੋਸਾ ਦਿੱਤਾ ਹੈ ਕਿ ਸੰਸਦ ਦੇ ਨਵੇਂ ਢਾਂਚੇ ਵਿੱਚ ਸੂਬਿਆਂ ਦਾ ਮੌਜੂਦਾ ਅਨੁਪਾਤ ਪ੍ਰਭਾਵਿਤ ਨਹੀਂ ਹੋਵੇਗਾ। ਪਰ ਚੋਣ ਵਿਸ਼ਲੇਸ਼ਕ ਅਤੇ ਸਿਆਸੀ ਐਕਟੀਵਿਸਟ ਯੋਗੇਂਦਰ ਯਾਦਵ ਨੇ ਮੰਗਲਵਾਰ ਨੂੰ ਇੱਕ ਟਵੀਟ ਵਿੱਚ ਕਿਹਾ ਕਿ ਇਨ੍ਹਾਂ ਤਿੰਨਾਂ ਬਿੱਲਾਂ ਵਿੱਚ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕੋਈ ਬਿੰਦੂ ਨਹੀਂ ਹੈ।

ਮੰਗਲਵਾਰ ਨੂੰ ਦੱਖਣੀ ਸੂਬਿਆਂ ਦੇ ਨੇਤਾਵਾਂ ਨੇ ਵੀ ਆਪਣੀਆਂ ਚਿੰਤਾਵਾਂ ਜ਼ਾਹਿਰ ਕੀਤੀਆਂ।

ਇੱਕ ਵੀਡੀਓ ਸੰਬੋਧਨ ਵਿੱਚ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮਕੇ ਸਟਾਲਿਨ ਨੇ ਕਿਹਾ ਕਿ ਸੂਬਾ ਸਰਕਾਰਾਂ ਨਾਲ ਸਲਾਹ ਕੀਤੇ ਬਿਨ੍ਹਾਂ ਹੱਦਬੰਦੀ ਪ੍ਰਕਿਰਿਆ ਅੱਗੇ ਵਧਾਉਣ ਦੀ ਕੋਸ਼ਿਸ਼ 'ਲੋਕਤੰਤਰ 'ਤੇ ਹਮਲਾ' ਹੈ।

ਉਨ੍ਹਾਂ ਨੇ ਇਹ ਵੀ ਕਿਹਾ, ÷ਜਦੋਂ ਕੇਂਦਰ ਸਰਕਾਰ ਨੇ ਸਾਨੂੰ ਅਬਾਦੀ ਵਾਧੇ ਨੂੰ ਰੋਕਣ, ਛੋਟੇ ਪਰਿਵਾਰ ਰੱਖਣ ਅਤੇ ਪਰਿਵਾਰ ਨਿਯੋਜਨ ਦੇ ਉਪਾਅ ਅਪਣਾਉਣ ਦੀ ਅਪੀਲ ਕੀਤੀ ਤਾਂ ਤਾਮਿਲਨਾਡੂ ਨੇ ਉਸ ਦੀ ਪਾਲਣਾ ਕੀਤੀ। ਕੀ ਹੁਣ ਇਹ ਸਾਨੂੰ ਅਨੁਸ਼ਾਸਿਤ ਤਰੀਕੇ ਨਾਲ ਕੰਮ ਕਰਨ ਦੀ ਸਜ਼ਾ ਦਿੱਤੀ ਜਾ ਰਹੀ ਹੈ?÷

ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈਡੀ ਨੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ, ਜੋ ਕਿ ਭਾਜਪਾ ਦੇ ਸਹਿਯੋਗੀ ਹਨ, ਨੂੰ ਪੱਤਰ ਲਿਖ ਕੇ ਅਪੀਲ ਕੀਤੀ ਕਿ ਉਹ ਸੀਟਾਂ ਵਧਾਉਣ ਦੇ 'ਅਬਾਦੀ ਮੁਤਾਬਕ ਵੰਡ' ਮਾਡਲ ਦਾ ਵਿਰੋਧ ਕਰਨ ਦੇ ਦੱਖਣੀ ਸੂਬਿਆਂ ਦੇ ਯਤਨਾਂ ਵਿੱਚ ਸ਼ਾਮਲ ਹੋਣ।

ਪ੍ਰਸਤਾਵਿਤ 850 ਸੀਟਾਂ ਨੂੰ ਸੂਬਿਆਂ ਵਿਚਕਾਰ ਮੁੜ ਵੰਡਣ ਦਾ ਸਹੀ ਢਾਂਚਾ ਫ਼ ?ਲਹਾਲ ਸਪਸ਼ਟ ਨਹੀਂ ਹੈ। ਬਿੱਲ ਵਿੱਚ ਕਿਹਾ ਗਿਆ ਹੈ ਕਿ ਇਸ ਨੂੰ ਸੁਪਰੀਮ ਕੋਰਟ ਦੇ ਇੱਕ ਜੱਜ ਦੀ ਅਗਵਾਈ ਵਿੱਚ 'ਹੱਦਬੰਦੀ ਕਮਿਸ਼ਨ' ਅੰਤਿਮ ਰੂਪ ਦੇਵੇਗਾ। ਜਿਸ ਵਿਚ ਮੁੱਖ ਚੋਣ ਕਮਿਸ਼ਨਰ ਅਤੇ ਰਾਜ ਚੋਣ ਕਮਿਸ਼ਨਰ ਵੀ ਮੈਂਬਰ ਹੋਣਗੇ।

ਜ਼ਿਕਰਯੋਗ ਹੈ ਕਿ ਬਿੱਲ ਵਿੱਚ ਇਹ ਪ੍ਰਸਤਾਵ ਵੀ ਦਿੱਤਾ ਗਿਆ ਹੈ ਕਿ ਭਵਿੱਖ ਵਿੱਚ ਹੱਦਬੰਦੀ ਦਾ ਅਧਾਰ ਕਿਹੜੀ ਜਨਗਣਨਾ ਹੋਵੇਗੀ। ਇਹ ਫੈਸਲਾ ਕਰਨ ਲਈ ਸੰਸਦ ਵਿਚ ਸਧਾਰਨ ਬਹੁਮਤ ਦੀ ਇਜਾਜ਼ਤ ਦਿੱਤੀ ਜਾਵੇ। ਮੌਜੂਦਾ ਸਮੇਂ, ਇਸ ਲਈ ਸੰਵਿਧਾਨ ਵਿੱਚ ਸੋਧ ਦੀ ਲੋੜ ਹੈ- ਯਾਨੀ ਦੋ ਤਿਹਾਈ ਬਹੁਮਤ ਦੀ ਲੋੜ।

**3. ਔਰਤਾਂ ਲਈ 33 ਫ਼ੀਸਦੀ ਰਾਖਵਾਂਕਰਨ**

ਔਰਤ ਸੰਗਠਨ ਅਤੇ ਔਰਤ ਸੰਸਦ ਮੈਂਬਰ ਦਹਾਕਿਆਂ ਤੋਂ ਔਰਤਾਂ ਲਈ ਸੀਟਾਂ ਦੇ ਰਾਖਵੇਂਕਰਨ ਦੀ ਮੰਗ ਕਰ ਰਹੇ ਹਨ। ਮੌਜੂਦਾ ਸਮੇਂ, ਲੋਕ ਸਭਾ ਵਿੱਚ 78 ਅਤੇ ਰਾਜ ਸਭਾ ਵਿੱਚ 42 ਔਰਤ ਸਾਂਸਦ ਹਨ ਜੋ ਕਿ ਉਨ੍ਹਾਂ ਦੀ ਕੁੱਲ ਗਿਣਤੀ ਦਾ ਕ੍ਰਮਵਾਰ 14 ਅਤੇ 18 ਫ਼ੀਸਦੀ ਹੈ। ਸੈਂਟਰ ਫਾਰ ਸੋਸ਼ਲ ਰਿਸਰਚ ਦੀ ਇੱਕ ਪ੍ਰੈੱਸ ਰਿਲੀਜ਼ ਮੁਤਾਬਕ, ਇਹ ਗਲੋਬਲ 27.2 ਫ਼ੀਸਦੀ ਦੇ ਮੁਕਾਬਲੇ ਬਹੁਤ ਘੱਟ ਹੈ। 2023 ਵਿੱਚ, ਭਾਰਤ ਨੇ ਲੋਕ ਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਯਕੀਨੀ ਬਣਾਉਣ ਵਾਲਾ ਕਾਨੂੰਨ ਪਾਸ ਕੀਤਾ ਸੀ, ਪਰ ਇਹ ਸਿਰਫ਼ ਮਰਦਮਸ਼ੁਮਾਰੀ ਅਤੇ ਉਸ ਤੋਂ ਬਾਅਦ ਹੱਦਬੰਦੀ ਤੋਂ ਬਾਅਦ ਹੀ ਲਾਗੂ ਹੋਣਾ ਸੀ। ਮੰਗਲਵਾਰ ਨੂੰ ਪੇਸ਼ ਕੀਤੇ ਗਏ ਸੰਵਿਧਾਨ ਸੋਧ ਬਿੱਲ 2026 ਵਿੱਚ ਨੋਟ ਕੀਤਾ ਗਿਆ ਹੈ ਕਿ ਇਸ ਨਾਲ ਸਾਡੀ ਲੋਕਤੰਤਰਿਕ ਸਿਆਸਤ ਵਿੱਚ ਔਰਤਾਂ ਦੀ ਪ੍ਰਭਾਵਸ਼ਾਲੀ ਅਤੇ ਸਮਰਪਿਤ ਹਿੱਸੇਦਾਰੀ ਵਿੱਚ ਦੇਰੀ ਹੋਵੇਗੀ। ਇਸ ਵਿੱਚ ਅੱਗੇ ਪ੍ਰਸਤਾਵ ਹੈ ਕਿ ਰਾਖਵਾਂਕਰਨ, 'ਤਾਜ਼ਾ ਪ੍ਰਕਾਸ਼ਿਤ ਮਰਦਮਸ਼ੁਮਾਰੀ ਦੇ ਅਬਾਦੀ ਅੰਕੜਿਆਂ ਦੇ ਅਧਾਰ 'ਤੇ' ਸੀਟਾਂ ਦੀ ਹੱਦਬੰਦੀ ਲਈ ਲਾਗੂ ਕੀਤਾ ਜਾਵੇ- ਜੋ ਕਿ ਮੁੜ 2011 ਦੀ ਜਨਗਣਨਾ ਹੀ ਹੈ। ਰਾਖਵੇਂ ਚੋਣ ਹਲਕਿਆਂ ਨੂੰ ਹਰ ਹੱਦਬੰਦੀ ਘੇਰੇ ਤੋਂ ਬਾਅਦ ਬਦਲਿਆ ਜਾਵੇਗਾ। ਇਹ ਰਾਖਵਾਂਕਰਨ 15 ਸਾਲਾਂ ਲਈ ਜਾਇਜ਼ ਰਹੇਗਾ, ਜਿਸ ਨੂੰ ਸੰਸਦ ਵੱਲੋਂ ਵਧਾਇਆ ਜਾ ਸਕਦਾ ਹੈ।

**ਇਹ ਤਿੰਨ ਬਿੱਲ ਇਸ ਪ੍ਰਕਾਰ ਹਨ-**

- ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੋਧ) ਬਿੱਲ 2026
- ਸੰਵਿਧਾਨ (131ਵੀਂ ਸੋਧ) ਬਿੱਲ 2026
- ਹੱਦਬੰਦੀ ਬਿੱਲ 2026 (ਡੀਲਿਮੀਟੇਸ਼ਨ ਬਿੱਲ 2026)
- ਸਰਕਾਰ ਨੇ 16 ਅਪ੍ਰੈਲ ਨੂੰ ਸੰਸਦ ਵਿੱਚ ਡੀਲਿਮੀਟੇਸ਼ਨ ਬਿੱਲ 2026 ਪੇਸ਼ ਕਰ ਦਿੱਤਾ ਹੈ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350 | Website: www.preetnama.com Email preetnamausa@gmail.com | 17 APRIL TO 23 APRIL, 2026


# ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ; 12 ਪ੍ਰਾਣੀ ਪੰਥ ਵਿੱਚ ਸ਼ਾਮਲ

## ਹਿਕਸਵਿਲ ਵਿਖੇ ਗਿ. ਗੁਰਬਖ਼ਸ਼ ਸਿੰਘ ਗੁਲਸ਼ਨ ਦੀ ਅਗਵਾਈ ਹੇਠ ਹੋਇਆ ਅੰਮ੍ਰਿਤ ਸੰਚਾਰ

## ਗੁਰੂ ਨਾਨਕ ਦਰਬਾਰ ਹਿਕਸਵਿਲ ਦੀ ਕਮੇਟੀ ਦੇ ਉੱਦਮ ਸਦਕਾ ਅੰਮ੍ਰਿਤ ਸੰਚਾਰ ਸਮਾਗਮ ਸਫਲਤਾਪੂਰਵਕ ਸੰਪੰਨ



ਨਿਊਯਾਰਕ : ਖ਼ਾਲਸਾ ਸਾਜਨਾ ਦਿਵਸ ਦੀ ਖ਼ੁਸ਼ੀ ਵਿੱਚ 11 ਅਪ੍ਰੈਲ 2026 ਨੂੰ ਗੁਰੂ ਨਾਨਕ ਦਰਬਾਰ ਗੁਰਦੁਆਰਾ ਹਿਕਸਵਿਲ ਦੀ ਕਮੇਟੀ ਦੇ ਉੱਦਮ ਨਾਲ ਗਿ. ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਜਥੇਦਾਰ ਦੀ ਅਗਵਾਈ ਵਿੱਚ ਅੰਮ੍ਰਿਤ ਸੰਚਾਰ ਸਮਾਗਮ ਹੋਇਆ ਜਿਸ ਵਿੱਚ ਪੰਜ ਪਿਆਰੇ ਸਾਹਿਬਾਨ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ। ਹਾਜ਼ਰ ਹੋਏ 12 ਗੁਰੂ ਨਾਨਕ ਨਾਮ-ਲੇਵਾ ਖੰਡੇ ਦੀ ਪਾਹੁਲ ਛਕ ਕੇ ਪੰਥ-ਖ਼ਾਲਸੇ ਵਿੱਚ ਸ਼ਾਮਲ ਹੋਏ। ਇਨ੍ਹਾਂ ਸਭਨਾਂ ਨੂੰ ਗੁਰੂ-ਘਰ ਵੱਲੋਂ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ।














# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350 | Website: www.preetnama.com Email preetnamausa@gmail.com | 17 APRIL TO 23 APRIL, 2026



PREETNAMA
ਪ੍ਰੀਤਨਾਮਾ
ਖਰਾ ਸੱਚ

# Preetnama

PREETNAMA
ONLINE AND PRINT MEDIA KHARA SACH
CHIEF EDITOR : PRITPAL KAUR +1 201-312-4180
Preetnama TV

## is a leading International Media Company.

Publishing a renowned newspaper in three language and operations a prominent TV channel.
With a global reach and diverse audience, Preetnama Provides in dept coverage of Current Events,
News, and Analysis, Catering to a broad spectrum of interests and persp.
Preetnama TV Provides you best services.

**We promote your business worldwide.**
**We promote and do coverage all Kind Events.**







## Pritpal Kaur (CEO and Founder)

001 (201) 312 4180

Email: Preetnamausa@gmail.com,
www.preetnama.com www.preetnews.com

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026


# ਲਾਂਗ ਆਇਲੈਂਡ ਦੇ ਚਾਰੋਂ ਗੁਰਦੁਆਰਾ ਸਾਹਿਬਾਨ ਵੱਲੋਂ ਸਾਂਝੇ ਤੌਰ 'ਤੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਸ਼ਰਧਾਪੂਰਵਕ ਮਨਾਇਆ ਗਿਆ

## ਗੁਰਦੁਆਰਾ ਗਲੈਨ ਕੌਵ ਵਿਖੇ ਖਾਲਸਾ ਸਿਰਜਣਾ ਦਿਵਸ ਦੀਆਂ ਰੌਣਕਾਂ; ਬਾਬਾ ਬੰਤਾ ਸਿੰਘ ਜੀ ਨੇ ਇਤਿਹਾਸਕ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ



ਨਿਊਯਾਰਕ : ਬੀਤੇ ਸ਼ਨੀਵਾਰ 11 ਅਪ੍ਰੈਲ 2026 ਨੂੰ ਲਾਂਗ ਆਇਲੈਂਡ ਦੇ ਚਾਰੋਂ ਗੁਰਦੁਆਰੇ ਗੁਰੂ ਨਾਨਕ ਦਰਬਾਰ ਹਿਕਸਵਿਲ, ਗੁਰਦੁਆਰਾ ਸ਼ਹੀਦਾਂ,ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਪਲੇਨ ਵੀਊ ਅਤੇ ਗੁਰਦੁਆਰਾ ਮਾਤਾ ਸਾਹਿਬ ਕੌਰ ਵਲੋਂ ਸਾਂਝੇ ਤੌਰ ਤੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਦਾ ਸਮਾਗਮ ਗੁਰਦੁਆਰਾ ਗਲੈਨ ਕੌਵ ਵਿਖੇ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ ਜਿਸ ਵਿਚ ਪੰਥ ਪ੍ਰਸਿੱਧ ਪ੍ਰਚਾਰਕ ਤੇ ਰਾਗੀ ਜਥਿਆਂ ਨੇ ਹਾਜ਼ਰੀ ਭਰੀ ਵਿਸ਼ੇਸ਼ ਤੌਰ ਤੇ ਪੰਥ ਪ੍ਰਸਿੱਧ ਪ੍ਰਚਾਰਕ ਬਾਬਾ ਬੰਤਾ ਸਿੰਘ ਜੀ ਨੇ ਹਾਜ਼ਰੀ ਭਰਕੇ 1699 ਨੂੰ














ਖ਼ਾਲਸਾ ਸਾਜਨਾ ਦਿਵਸ ਦੇ ਹਿਤਿਹਾਸਕ ਸਮਾਗਮ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸ੍ ? ਹਰਚਰਨ ਸਿੰਘ ਸਚਦੇਵਾ ਜੀ ਨੇ ਬਾਬਾ ਬੰਤਾ ਸਿੰਘ ਜੀ ਅਤੇ ਆਏ ਹੋਏ ਪਤਵੰਤੇ ਸੱਜਣਾਂ ਦਾ ਸਨਮਾਨ ਕਰਦਿਆਂ ਸੰਗਤਾਂ ਦਾ ਧੰਨਵਾਦ ਕੀਤਾ ਲੰਗਰ ਦੀ ਸੇਵਾ ਅਤੁੱਟ ਕੀਤੀ ਗਈ ਗੁਰਦੁਆਰਾ ਗੁਰੂ ਨਾਨਕ ਤੋਂ ਹਰਚਰਨ ਸਿੰਘ ਗੁਲਾਟੀ ਗੁਰਦੁਆਰਾ ਸ਼ਹੀਦਾਂ ਤੋਂ ਗਿਆਨੀ ਭੁਪਿੰਦਰ ਸਿੰਘ ਜੀ ਗੁਰਦੁਆਰਾ ਪਲੈਨਵੀਊ ਤੋਂ ਵਰਿੰਦਰ ਸਿੰਘ ਸਿੱਕਾ ਜੀ ਨੇ ਆਏ ਹੋਏ ਸੰਗਤਾਂ ਦਾ ਧੰਨਵਾਦ ਕਰਦਿਆਂ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026


# ਲਾਂਗ ਆਇਲੈਂਡ ਦੇ ਚਾਰੋਂ ਗੁਰਦੁਆਰਾ ਸਾਹਿਬਾਨ ਵੱਲੋਂ ਸਾਂਝੇ ਤੌਰ ’ਤੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਸ਼ਰਧਾਪੂਰਵਕ ਮਨਾਇਆ ਗਿਆ

## ਗੁਰਦੁਆਰਾ ਗਲੈਨ ਕੌਵ ਵਿਖੇ ਖਾਲਸਾ ਸਿਰਜਣਾ ਦਿਵਸ ਦੀਆਂ ਰੌਣਕਾਂ; ਬਾਬਾ ਬੰਤਾ ਸਿੰਘ ਜੀ ਨੇ ਇਤਿਹਾਸਕ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ









# Preetnama
# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026


# ਗੁਰੂ ਨਾਨਕ ਦਰਬਾਰ ਹਿੱਕਸਵਿਲ ਨਿਊਯਾਰਕ ਵਿੱਚ ਬੜੀ ਸ਼ਰਧਾ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ

## ਤਿੰਨ ਰੋਜ਼ਾ ਸਮਾਗਮਾਂ ਵਿੱਚ ਸੰਗਤਾਂ ਨੇ ਹੁੰਮਾ - ਹੁੰਮਾ ਕੇ ਲਗਵਾਈ ਹਾਜਰੀ

## ਜਥੇਦਾਰ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਦੀ ਅਗਵਾਈ ਹੇਠ ਹਿੱਕਸਵਿਲ ਗੁਰੂਘਰ ਵਿਖੇ ਸਜੇ ਵਿਸ਼ੇਸ਼ ਦੀਵਾਨ

## ਹੈਮਸਟੈਡ ਟਾਊਨ ਕਲਰਕ ਰਾਗਿਨੀ ਸ਼੍ਰੀਵਾਸਤਵ ਨੇ ਗੁਰੂ ਨਾਨਕ ਦਰਬਾਰ ਹਿੱਕਸਵਿਲ 'ਚ ਭਰੀ ਹਾਜ਼ਰੀ


## ਜਥੇਦਾਰ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਦੀ ਅਗਵਾਈ ਹੇਠ ਹਿੱਕਸਵਿਲ ਗੁਰੂਘਰ ਵਿਖੇ ਸਜੇ ਵਿਸ਼ੇਸ਼ ਦੀਵਾਨ


## ਗੁਰੂ ਨਾਨਕ ਦਰਬਾਰ ਹਿੱਕਸਵਿਲ ਵਿਖੇ ਅੰਮ੍ਰਿਤ ਸੰਚਾਰ: 12 ਪ੍ਰਾਣੀ ਖੰਡੇ ਦੀ ਪਾਹੁਲ ਛਕ ਕੇ ਪੰਥ 'ਚ ਸ਼ਾਮਲ

ਨਿਊਯਾਰਕ ( ਪ੍ਰੀਤਨਾਮਾ ) – ਖਾਲਸਾ ਸਾਜਨਾ ਦਿਵਸ ਭਾਰਤ ਹੀ ਨਹੀਂ ਸਗੋਂ ਦੇਸਾ ਵਿਦੇਸ਼ਾਂ ਵਿੱਚ ਵੱਸਦੀਆਂ ਸਿੱਖ ਸੰਗਤਾਂ ਵੱਲੋਂ। ਬੜੇ ਚਾਅ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ । ਸਿੱਖ ਕੌਮ ਲਈ ਇਹ ਦਿਨ ਬਹੁੱਤ ਮਹੱਤਵਪੂਰਣ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਥਾਪਨਾ ਕਰ ਕੇ ਸਿੱਖੀ ਦੀ ਨੀਂਹ ਰੱਖੀ ਸੀ । ਨਿਊਯਾਰਕ ਦੇ ਇਲਾਕੇ ਹਿੱਕਸਵਿਲ ਲੌਂਗ-ਆਈਲੈਂਡ ਵਿੱਚ ਸਥਿਤ ਗੁਰੂਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਵਿੱਚ ਵੀ ਖਾਲਸਾ ਸਥਾਪਨਾ ਦਿਵਸ ਸਬੰਧਿਤ ਤਿੰਨ ਰੋਜ਼ਾ ਦੀਵਾਨ ਸਜਾਏ ਗਏ । ਤਿੰਨ ਦਿਨ ਲਗਾਤਾਰ ਸੰਗਤਾਂ ਨੇ ਕੀਰਤਨ ਸਰਵਣ ਕੀਤਾ । ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ।

ਖ਼ਾਲਸਾ ਸਾਜਨਾ ਦਿਵਸ ਦੀ ਖੁਸ਼ੀ ਵਿੱਚ 11 ਅਪ੍ਰੈਲ 2026 ਨੂੰ ਗੁਰੂ ਨਾਨਕ ਦਰਬਾਰ ਗੁਰਦੁਆਰਾ ਹਿਕਸਵਿਲ ਦੀ ਕਮੇਟੀ ਦੇ ਉੱਦਮ ਨਾਲ ਗਿ. ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਜਥੇਦਾਰ ਦੀ ਅਗਵਾਈ ਵਿੱਚ ਅੰਮ੍ਰਿਤ ਸੰਚਾਰ ਸਮਾਗਮ ਹੋਇਆ ਜਿਸ ਵਿੱਚ ਪੰਜ ਪਿਆਰੇ ਸਾਹਿਬਾਨ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ। ਹਾਜ਼ਰ ਹੋਏ 12 ਗੁਰੂ ਨਾਨਕ ਨਾਮ-ਲੇਵਾ ਖੰਡੇ ਦੀ ਪਾਹੁਲ ਛਕ ਕੇ ਪੰਥ-ਖ਼ਾਲਸੇ ਵਿੱਚ ਸ਼ਾਮਲ ਹੋਏ। ਇਨ੍ਹਾਂ ਸਭਨਾਂ ਨੂੰ ਗੁਰੂ-ਘਰ ਵੱਲੋਂ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ।



ਐਤਵਾਰ ਅਪ੍ਰੈਲ ?? ਨੂੰ ਆਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ । ਖ਼ਾਲਸਾ ਸਾਜਨਾ ਦਿਵਸ ਦੀ ਖੁਸ਼ੀ ਵਿੱਚ 11 ਅਪ੍ਰੈਲ 2026 ਨੂੰ ਗੁਰੂ ਨਾਨਕ ਦਰਬਾਰ ਗੁਰਦੁਆਰਾ ਹਿਕਸਵਿਲ ਦੀ ਕਮੇਟੀ ਦੇ ਉੱਦਮ ਨਾਲ ਗਿ. ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਜਥੇਦਾਰ ਦੀ ਅਗਵਾਈ ਵਿੱਚ ਅੰਮ੍ਰਿਤ ਸੰਚਾਰ ਸਮਾਗਮ ਹੋਇਆ ਜਿਸ ਵਿੱਚ ਪੰਜ ਪਿਆਰੇ ਸਾਹਿਬਾਨ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ।

ਹਾਜ਼ਰ ਹੋਏ 12 ਗੁਰੂ ਨਾਨਕ ਨਾਮ-ਲੇਵਾ ਖੰਡੇ ਦੀ ਪਾਹੁਲ ਛਕ ਕੇ ਪੰਥ-ਖ਼ਾਲਸੇ ਵਿੱਚ ਸ਼ਾਮਲ ਹੋਏ। ਇਨ੍ਹਾਂ ਸਭਨਾਂ ਨੂੰ ਗੁਰੂ-ਘਰ ਵੱਲੋਂ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ । ਗੁਰੂ ਘਰ ਵੱਲੋਂ ਪੰਜ ਕਕਾਰਾਂ ਦੀ ਮੁੱਫਤ ਸੇਵਾ ਕੀਤੀ ਗਈ ।

ਤਿੰਨ ਰੋਜ਼ਾ ਸਮਾਗਮਾਂ ਵਿੱਚ ਗੁਰੂ ਘਰ ਦੇ ਪ੍ਰਸਿੱਧ ਕੀਰਤਨੀ ਜੱਥਿਆ ਅਤੇ ਕਥਾ ਵਾਚਕਾਂ ਨੇ ਸੰਗਤਾਂ ਨੂੰ ਗੁਰੂਬਾਣੀ ਨਾਲ ਜੋੜਿਆ । ਮੰਗਲਵਾਰ ਅਪ੍ਰੈਲ 1 ? ਨੂੰ ਆਖੰਡ ਸਾਹਿਬ ਜੀ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜੇ ।ਇਸ ਮੋਕੇ ਤੇ ਸਿੱਖ ਪੰਥ ਪ੍ਰਚਾਰਕ ਗਿਆਨੀ ਗੁਲਸ਼ਨ ਜੀ ਯੂਕੇ ਤੋ ਵਿਚੇਚੇ ਤੋਰ ਤੇ ਪਹੁੰਚੇ ਅਤੇ ਸੰਗਤਾਂ ਨੂੰ ਗੁਰੂ ਘਰ ਦੀ ਕਥਾ ਸਰਵਣ ਕਰਵਾਈ । ਇਸ ਮੌਕੇ ਤੇ ਸਿੱਖ ਧਰਮ ਪ੍ਰਚਾਰਕ ਬਾਬਾ ਬੰਤਾ ਸਿੰਘ ਜੀ ਨੇ ਵੀ ਆਪਣੀ ਵਿਸ਼ੇਸ਼ ਹਾਜ਼ਰੀ











# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026


# ਗੁਰੂ ਨਾਨਕ ਦਰਬਾਰ ਹਿੱਕਸਵਿਲ ਨਿਊਯਾਰਕ ਵਿੱਚ ਬੜੀ ਸ਼ਰਧਾ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ







ਲਗਵਾਈ ਅਤੇ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ ਸਮਝਾਈ ।ਪੰਥ ਪ੍ਰਸਿੱਧ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ । ਹੈਮਸਟੈਡ ਟਾਊਨ ਕਲਰਕ ਰਾਗਿਨੀ ਸ਼੍ਰੀਵਾਸਤਵ ਜੀ ਵੀ ਗੁਰੂ ਵਿੱਚ ਨਤਮਸਤਕ ਹੋ ਕੇ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ । ਖੁੱਲੇ ਪੰਡਾਲ ਵਿੱਚ ਲੰਗਰ ਦੇ ਸਟਾਲ ਲਗਾਏ ਗਏ ਸਨ ।ਜਿੱਥੇ ਸੰਗਤਾਂ ਨੇ ਭਿੰਨ ਭਿੰਨ ਤਰਾਂ ਦੇ ਪਕਵਾਨਾਂ ਦਾ ਆਨੰਦ ਮਾਣਿਆ ।ਸ਼ਾਮ ਦੇ ਦੀਵਾਨਾਂ ਵਿੱਚ ਵੀ ਸੰਗਤਾਂ ਨੇ ਵੱਧ ਚੜ ਕੇ ਗੁਰੂ ਚਰਨਾਂ ਵਿੱਚ ਆਪਣੀ ਹਾਜਿ ?ਰੀ ਲਗਵਾਈ ।ਰਾਤ ਦੇ ? ? ਵਜੇ ਤੱਕ ਸੰਗਤਾਂ ਗੁਰਬਾਣੀ ਨਾਲ ਜੁੜੀਆਂ ਰਹੀਆਂ । ? ? ਵਜੇ ਗੁਰੂ ਸਾਹਿਬ ਜੀ ਪਾਲਕੀ ਉੱਪਰ ਫੁੱਲਾਂ ਦੀ ਵਰਖਾ ਕੀਤੀ ਗਈ ।ਇਹ ਅਲੌਕਿਕ ਨਜ਼ਾਰਾ ਮਨ ਨੂੰ ਮੋਹਣ ਵਾਲਾ ਸੀ । ਗੁਰੂਦੁਆਰਾ ਸਾਹਿਬ ਦੀ ਸਮੂਹ ਕਮੇਟੀ ਨੇ ਗੁਰੂ ਘਰ ਆਈਆ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ । ਮੀਡੀਆ ਪ੍ਰੀਤਨਾਮਾ ਵੱਲੋਂ ਇਸ ਸਮਾਗਮ ਦੀ ਵਿਸ਼ੇਸ਼ ਕਵਰੇਜ ਕੀਤੀ ਗਈ ।





# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026


# ਗੁਰੂ ਨਾਨਕ ਦਰਬਾਰ ਹਿੱਕਸਵਿਲ ਨਿਊਯਾਰਕ ਵਿੱਚ ਬੜੀ ਸ਼ਰਧਾ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ



























# Preetnama
# ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350 | Website: www.preetnama.com Email preetnamausa@gmail.com | 17 APRIL TO 23 APRIL, 2026


# ਗੁਰੂ ਨਾਨਕ ਦਰਬਾਰ ਹਿੱਕਸਵਿਲ ਨਿਉਯਾਰਕ ਵਿੱਚ ਬੜੀ ਸ਼ਰਧਾ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ














# ਜਸਵੀਨ ਸੰਘਾ ਨੂੰ ਅਮਰੀਕੀ-ਕੈਨੇਡੀਅਨ ਅਦਾਕਾਰ ਮੈਥਿਊ ਪੈਰੀ ਦੀ ਮੌਤ ਲਈ 15 ਸਾਲ ਦੀ ਸਜ਼ਾ





ਵਾਸ਼ਿੰਗਟਨ : ਅਮਰੀਕੀ-ਕੈਨੇਡੀਅਨ ਅਦਾਕਾਰ ਮੈਥਿਊ ਪੈਰੀ ਦੀ ਨਸ਼ੇ ਕਾਰਨ ਮੌਤ ਦੇ ਮਾਮਲੇ ਵਿੱਚ ਪੰਜਾਬੀ ਮੂਲ ਦੀ ਮਹਿਲਾ ਜਸਵੀਨ ਸੰਘਾ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਸ ਦਾ ਨਾਮ ਮੁੜ ਚਰਚਾ ਵਿੱਚ ਆਗਿਆ ਹੈ।

22 ਜੁਲਾਈ 1983 ਨੂੰ ਜਨਮੀ ਜਸਵੀਨ ਸੰਘਾ ਇੱਕ ਬ੍ਰਿਟਿਸ਼-ਅਮਰੀਕੀ ਅਪਰਾਧੀ ਅਤੇ ਡਰੱਗ ਡੀਲਰ ਹੈ ਜਿਸ ਨੂੰ 'ਕੈਟਾਮਾਈਨ ਕੁਈਨ' ਵਜੋਂ ਜਾਣਿਆ ਜਾਂਦਾ ਹੈ। ਅਦਾਕਾਰ ਮੈਥਿਊ ਪੈਰੀ ਦੀ ਨਸ਼ੇ ਦੀ ਜ਼ਿਆਦਾ ਮਾਤਰਾ (ਓਵਰਡੋਜ਼) ਕਾਰਨ ਹੋਈ ਮੌਤ ਦੇ ਸਬੰਧ ਵਿੱਚ ਲੱਗੇ ਦੋਸ਼ਾਂ ਸਬੰਧੀ ਗੁਨਾਹ ਕਬੂਲ ਕਰਨ ਤੋਂ ਬਾਅਦ ਉਸ(ਸੰਘਾ) ਨੇ ਅੰਤਰਰਾਸ਼ਟਰੀ ਪੱਧਰ 'ਤੇ ਧਿਆਨ ਖਿੱਚਿਆ।

ਪ੍ਰੌਸੀਕਿਊਟਰਾਂ ਨੇ ਦੋਸ਼ ਲਾਇਆ ਕਿ ਸੰਘਾ ਨੇ ਕਈ ਸਾਲਾਂ ਤੱਕ ਆਪਣੇ ਉੱਤਰੀ ਹਾਲੀਵੁੱਡ ਦੇ ਘਰ ਤੋਂ ਨਸ਼ੀਲੇ ਪਦਾਰਥਾਂ ਦੀ ਵੰਡ ਦਾ ਨੈੱਟਵਰਕ ਚਲਾਇਆ। 8 ਅਪਰੈਲ ਨੂੰ, ਸੰਘਾ ਨੂੰ ਪੈਰੀ ਦੀ ਮੌਤ ਦਾ ਕਾਰਨ ਬਣੀ ਕੈਟਾਮਾਈਨ ਦੀ ਸਪਲਾਈ ਕਰਨ ਵਿੱਚ ਭੂਮਿਕਾ ਲਈ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਹ ਅਗਸਤ 2024 ਤੋਂ ਜੇਲ੍ਹ ਵਿੱਚ ਬੰਦ ਹੈ।

**ਮੁੱਢਲਾ ਜੀਵਨ ਅਤੇ ਸਿੱਖਿਆ**

ਸੰਘਾ ਦਾ ਜਨਮ ਲੰਡਨ ਵਿੱਚ ਹੋਇਆ ਸੀ। ਉਹ ਪੰਜਾਬੀ ਮੂਲ ਦੀ ਹੈ ਅਤੇ ਉੱਦਮੀ ਨੀਲਮ ਸਿੰਘ ਅਤੇ ਬਲਜੀਤ ਸਿੰਘ ਛੋਕਰ ਦੀ ਧੀ ਹੈ। ਉਸ ਦੇ ਦਾਦਾ-ਦਾਦੀ ਨੇ ਪੂਰਬੀ ਲੰਡਨ ਵਿੱਚ ਫੈਸ਼ਨ ਰਿਟੇਲ ਉਦਯੋਗ ਵਿੱਚ ਕਾਫ਼ੀ ਦੌਲਤ ਕਮਾਈ ਸੀ। ਉਸ ਦੀ ਮਾਂ ਦੇ ਦੂਜੇ ਵਿਆਹ ਤੋਂ ਬਾਅਦ, ਪਰਿਵਾਰ ਕੈਲਾਬਾਸਾਸ ਕੈਲੀਫੋਰਨੀਆ ਵਿੱਚ ਆ ਗਿਆ, ਜਿੱਥੇ ਸੰਘਾ ਨੇ ਆਪਣਾ ਮੁਢਲਾ ਜੀਵਨ ਬਿਤਾਇਆ। 2001 ਵਿੱਚ ਸੰਘਾ ਨੇ ਕੈਲਾਬਾਸਾਸ ਵਿੱਚ ਆਪਣੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕੀਤੀ।

ਸੰਘਾ ਸਟੂਡੀਓ ਸਿਟੀ ਲਾਸ ਏਂਜਲਸ ਵਿੱਚ 'ਸਟਾਈਲੈਟੋ ਨੇਲ ਬਾਰ' ਵਜੋਂ ਜਾਣੇ ਜਾਂਦੇ ਇੱਕ ਕਾਰੋਬਾਰ ਨਾਲ ਜੁੜੀ ਹੋਈ ਸੀ। ਪ੍ਰੌਸੀਕਿਊਟਰਾਂ ਨੇ ਅਦਾਲਤੀ ਦਸਤਾਵੇਜ਼ਾਂ ਵਿੱਚ ਨੋਟ ਕੀਤਾ ਕਿ ਉਹ 2019 ਤੋਂ ਬਾਅਦ ਕਿਸੇ ਕਾਨੂੰਨੀ ਰੁਜ਼ਗਾਰ ਵਿੱਚ ਨਜ਼ਰ ਨਹੀਂ ਆਈ।

**ਨਸ਼ਾ ਤਸਕਰੀ ਦੀਆਂ ਗਤੀਵਿਧੀਆਂ**

ਦੋਸ਼ ਪੱਤਰ ਦੇ ਅਨੁਸਾਰ ਸੰਘਾ ਨੇ ਪੰਜ ਸਾਲਾਂ ਦੀ ਮਿਆਦ ਵਿੱਚ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਉਤਪਾਦਨ ਕਰਨ, ਭੰਡਾਰ ਕਰਨ ਅਤੇ ਵੇਚਣ ਲਈ ਉੱਤਰੀ ਹਾਲੀਵੁੱਡ ਵਿੱਚ ਸਥਿਤ ਆਪਣੇ ਅਪਾਰਟਮੈਂਟ ਦੀ ਵਰਤੋਂ ਕੀਤੀ। ਆਪਣੇ ਪਲੀਅ ਐਗਰੀਮੈਂਟ (ਗੁਨਾਹ ਕਬੂਲੀ ਦੇ ਸਮਝੌਤੇ) ਦੇ ਹਿੱਸੇ ਵਜੋਂ, ਉਸ ਨੇ ਸਵੀਕਾਰ ਕੀਤਾ ਕਿ ਉਸ ਦੀ ਰਿਹਾਇਸ਼ 2019 ਤੋਂ ਪਹਿਲਾਂ ਹੀ ਇੱਕ ਵੰਡ ਕੇਂਦਰ ਵਜੋਂ ਕੰਮ ਕਰ ਰਹੀ ਸੀ। ਉਸਦੇ ਸਾਥੀਆਂ ਅਤੇ ਗਾਹਕਾਂ ਵੱਲੋਂ ਉਸਨੂੰ 'ਕੈਟਾਮਾਈਨ ਕੁਵੀਨ' ਕਿਹਾ ਜਾਂਦਾ ਸੀ।ਅਗਸਤ 2019 ਵਿੱਚ ਸੰਘਾ ਨੇ ਕੋਡੀ ਮੈਕਲੋਰੀ ਨਾਮਕ ਇੱਕ ਗਾਹਕ ਨੂੰ ਕੈਟਾਮਾਈਨ ਵੇਚੀ ਸੀ, ਜਿਸ ਦੀ ਲੈਣ-ਦੇਣ ਤੋਂ ਤੁਰੰਤ ਬਾਅਦ ਓਵਰਡੋਜ਼ ਨਾਲ ਮੌਤ ਹੋ ਗਈ ਸੀ। ਪ੍ਰੌਸੀਕਿਊਟਰਾਂ ਨੇ ਦੋਸ਼ ਲਾਇਆ ਕਿ ਸੰਘਾ ਨੂੰ ਪਤਾ ਸੀ ਕਿ ਉਸ ਦੇ ਉਤਪਾਦ ਕਾਰਨ ਮੈਕਲੋਰੀ ਦੀ ਮੌਤ ਹੋਈ ਹੈ, ਪਰ ਫਿਰ ਵੀ ਉਸ ਨੇ ਆਪਣੀ ਤਸਕਰੀ ਜਾਰੀ ਰੱਖੀ। ਮਾਰਚ 2024 ਵਿੱਚ ਉਸ ਦੇ ਘਰ ਦੀ ਤਲਾਸ਼ੀ ਦੌਰਾਨ, ਕਾਨੂੰਨ ਲਾਗੂ ਕਰਨ ਵਾਲੇ ਏਜੰਟਾਂ ਨੇ ਕੋਕੀਨ, ਨਕਲੀ ਜ਼ੈਨੈਕਸ , ਮੈਥੈਂਫੇਟਾਮਾਈਨ ਦੀਆਂ ਗੋਲੀਆਂ ਅਤੇ ਤਰਲ ਕੈਟਾਮਾਈਨ ਦੀਆਂ ਲਗਪਗ 80 ਸ਼ੀਸ਼ੀਆਂ ਸਮੇਤ ਕਈ ਪਦਾਰਥ ਬਰਾਮਦ ਕੀਤੇ। ਸੰਘਾ ਅਦਾਕਾਰ ਮੈਥਿਊ ਪੈਰੀ ਨੂੰ ਕੈਟਾਮਾਈਨ ਮੁਹੱਈਆ ਕਰਵਾਉਣ ਵਾਲੀ ਮੁੱਖ ਸਪਲਾਇਰ ਬਣ ਗਈ। ਅਕਤੂਬਰ 2023 ਵਿੱਚ ਸੰਘਾ ਨੇ ਪੈਰੀ ਨੂੰ ਕੈਟਾਮਾਈਨ ਪ੍ਰਦਾਨ ਕਰਨ ਲਈ ਏਰਿਕ ਫਲੇਮਿੰਗ ਨਾਲ ਸਹਿਯੋਗ ਕੀਤਾ। ਉਸ ਨੇ ਪਹਿਲਾਂ ਇੱਕ ਬਿਨਾਂ ਬ੍ਰਾਂਡ ਵਾਲੀ ਕੱਚੀ ਸ਼ੀਸ਼ੀ ਵਿੱਚ ਨਸ਼ੀਲੇ ਪਦਾਰਥ ਦਾ ਇੱਕ ਨਮੂਨਾ ਸਪਲਾਈ ਕੀਤਾ। ਇਸ ਸ਼ੁਰੂਆਤੀ ਅਦਲਾ-ਬਦਲੀ ਤੋਂ ਬਾਅਦ ਉਸ ਨੇ ਫਲੇਮਿੰਗ ਰਾਹੀਂ ਪੈਰੀ ਦੇ ਸਹਾਇਕ ਕੇਨੇਥ ਇਵਾਮਾਸਾ ਨੂੰ ਲਗਭਗ 50 ਸ਼ੀਸ਼ੀਆਂ ਵੇਚੀਆਂ। 25 ਸ਼ੀਸ਼ੀਆਂ ਵਾਲੇ ਇੱਕ ਬਾਅਦ ਦੇ ਲੈਣ-ਦੇਣ ਦੌਰਾਨ ਉਸ ਨੇ ਬੋਨਸ ਵਜੋਂ ਕੈਟਾਮਾਈਨ-ਯੁਕਤ ਲਾਲੀਪੌਪ ਵੀ ਸ਼ਾਮਲ ਕੀਤੇ। ਪ੍ਰੌਸੀਕਿਊਟਰਾਂ ਨੇ ਦੱਸਿਆ ਕਿ ਪੈਰੀ ਦੀ ਮੌਤ ਲਈ ਜ਼ਿੰਮੇਵਾਰ ਖ਼ਾਸ ਖ਼ੁਰਾਕ ਸੰਘਾ ਵੱਲੋਂ ਵੇਚੀਆਂ ਗਈਆਂ ਸ਼ੀਸ਼ੀਆਂ ਵਿੱਚੋਂ ਇੱਕ ਤੋਂ ਆਈ ਸੀ। ਜਦੋਂ ਅਦਾਕਾਰ ਦੀ ਮੌਤ ਦੀ ਖ਼ਬਰ ਸਾਹਮਣੇ ਆਈ, ਤਾਂ ਦੱਸਿਆ ਜਾਂਦਾ ਹੈ ਕਿ ਸੰਘਾ ਨੇ ਇੱਕ ਐਨਕ੍ਰਿਪਟਡ ਐਪ 'ਤੇ ਫਲੇਮਿੰਗ ਨੂੰ ਸੁਨੇਹਾ ਭੇਜਿਆ ਅਤੇ ਉਸ ਨੂੰ ਆਪਣੀ ਚੈਟ ਹਿਸਟਰੀ ਮਿਟਾਉਣ ਦੇ ਨਿਰਦੇਸ਼ ਦਿੱਤੇ।

**ਕਾਨੂੰਨੀ ਕਾਰਵਾਈ**

ਅਧਿਕਾਰੀਆਂ ਨੇ ਮਾਰਚ 2024 ਵਿੱਚ ਸੰਘਾ ਨੂੰ ਨਸ਼ੀਲੇ ਪਦਾਰਥਾਂ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਸੀ, ਜਿਸ ਤੋਂ ਬਾਅਦ ਉਸਨੂੰ 100,000 ਡਾਲਰ ਦੇ ਬਾਂਡ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਪੈਰੀ ਦੀ ਮੌਤ ਵਿੱਚ ਉਸਦੀ ਖ਼ਾਸ ਭੂਮਿਕਾ ਲਈ ਚਾਰ ਹੋਰ ਸਹਿ-ਦੋਸ਼ੀਆਂ ਦੇ ਨਾਲ ਅਗਸਤ 2024 ਵਿੱਚ ਉਸ 'ਤੇ ਦੁਬਾਰਾ ਦੋਸ਼ ਲਗਾਏ ਗਏ ਸਨ। ਉਸਦੀ ਅਗਸਤ 2024 ਦੀ ਗ੍ਰਿਫ਼ਤਾਰੀ ਤੋਂ ਬਾਅਦ, ਸੰਘਾ ਦੀ ਜ਼ਮਾਨਤ ਰੱਦ ਕਰ ਦਿੱਤੀ ਗਈ ਸੀ, ਅਤੇ ਉਦੋਂ ਤੋਂ ਉਹ ਜੇਲ੍ਹ ਵਿੱਚ ਨਜ਼ਰਬੰਦ ਹੈ।

3 ਸਤੰਬਰ 2025 ਨੂੰ ਸੰਘਾ ਨੇ ਪੰਜ ਸੰਘੀਦੋਸ਼ਾਂ ਲਈ ਗੁਨਾਹ ਕਬੂਲ ਕੀਤਾ, ਜਿਸ ਵਿੱਚ ਨਸ਼ੀਲੇ ਪਦਾਰਥਾਂ ਵਾਲੇ ਅਹਾਤੇ ਨੂੰ ਬਣਾਈ ਰੱਖਣ ਦਾ ਇੱਕ ਦੋਸ਼, ਮੌਤ ਦਾ ਕਾਰਨ ਬਣੀ ਵੰਡ ਦਾ ਇੱਕ ਦੋਸ਼, ਅਤੇ ਕੈਟਾਮਾਈਨ ਵੰਡ ਦੇ ਤਿੰਨ ਦੋਸ਼ ਸ਼ਾਮਲ ਸਨ। ਇਨ੍ਹਾਂ ਅਪਰਾਧਾਂ ਲਈ ਵੱਧ ਤੋਂ ਵੱਧ 65 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਸੀ।

ਸਜ਼ਾ ਸੁਣਾਉਣ ਲਈ ਪਹਿਲਾਂ 10 ਦਸੰਬਰ 2025 ਦੀ ਤਰੀਕ ਤੈਅ ਕੀਤੀ ਗਈ ਸੀ। ਹਾਲਾਂਕਿ ਉਸਦੀ ਸਜ਼ਾ ਬਾਅਦ ਵਿੱਚ 25 ਫਰਵਰੀ 2026, ਫਿਰ 8 ਅਪਰੈਲ 2026 ਨੂੰ ਨਿਰਧਾਰਤ ਕੀਤੀ ਗਈ। ਪ੍ਰੌਸੀਕਿਊਟਰਾਂ ਨੇ 15 ਸਾਲ ਦੀ ਕੈਦ ਅਤੇ ਤਿੰਨ ਸਾਲ ਦੀ ਨਿਗਰਾਨੀ ਹੇਠ ਰਿਹਾਈ ਦੀ ਮੰਗ ਕੀਤੀ ਸੀ, ਜਦੋਂ ਕਿ ਸੰਘਾ ਦੇ ਵਕੀਲਾਂ ਨੇ ਬੇਨਤੀ ਕੀਤੀ ਸੀ ਕਿ ਉਸ ਨੂੰ ਹੁਣ ਤੱਕ ਕੱਟੀ ਗਈ ਜੇਲ੍ਹ ਦੀ ਸਜ਼ਾ ਸੁਣਾਈ ਜਾਵੇ। 8 ਅਪਰੈਲ 2026 ਨੂੰ, ਜੱਜ ਸ਼ੈਰਿਲਿਨ ਪੀਸ ਗਾਰਨੇਟ ਨੇ ਸੰਘਾ ਨੂੰ ਸੰਘੀ ਜੇਲ੍ਹ ਵਿੱਚ 15 ਸਾਲ ਦੀ ਸਜ਼ਾ ਸੁਣਾਈ।

# ਪੰਜਾਬੀ ਵਿਦਿਆਰਥੀਆਂ ਨੂੰ ਕੈਨੇਡਾ ਵੱਲੋਂ ਤਾੜਨਾ

## ਸਟੱਡੀ ਵੀਜ਼ਾ ਲਈ ਜਾਅਲੀ ਦਸਤਾਵੇਜ਼ ਹੋਣ 'ਤੇ ਹੋਵੇਗੀ ਸਖ਼ਤ ਕਾਰਵਾਈ

### ਦੋ ਸਾਲਾਂ 'ਚ 153000 ਵਿਦਿਆਰਥੀਆਂ 'ਚੋਂ 2 ਹਜ਼ਾਰ ਕੇਸਾਂ ਦੀ ਜਾਂਚ ਸ਼ੁਰੂ

ਚੰਡੀਗੜ੍ਹ, 13 ਅਪ੍ਰੈਲ (ਪੱਤਰ ਪ੍ਰੇਰਕ) : ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਨੇ ਉਥੋਂ ਦੇ ਔਡੀਟਰ ਜਨਰਲ ਦੀ ਸਲਾਨਾ ਰਿਪੋਰਟ ਦੇ ਆਧਾਰ 'ਤੇ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਵਿਰੁਧ ਸਖ਼ਤ ਕਾਰਵਾਈ ਸ਼ੁਰੂ ਕਰ ਦਿਤੀ ਹੈ, ਜਿਨ੍ਹਾਂ ਫ਼ਰਜ਼ੀ ਦਸਤਾਵੇਜ਼ਾਂ ਨੂੰ ਪੇਸ਼ ਕਰ ਕੇ ਕੈਨੇਡਾ ਦੇ ਵਿਦਿਅਕ ਤੇ ਤਕਨੀਕੀ ਅਦਾਰਿਆਂ 'ਚ ਦਾਖ਼ਲਾ ਲੈਣ ਲਈ 'ਸਟੂਡੈਂਟ ਵੀਜ਼ੇ' ਪ੍ਰਾਪਤ ਕੀਤੇ ਹਨ।ਕੈਨੇਡਾ ਦੀ ਸੰਸਦ 'ਚ 2 ਹਫ਼ਤੇ ਪਹਿਲਾਂ ਪੇਸ਼ ਕੀਤੀ ਰਿਪੋਰਟ 'ਚ ਔਡੀਟਰ ਜਨਰਲ ਕਾਰੇਨ ਹੋਗਨ ਨੇ ਕਿਹਾ ਕਿ 'ਅੰਤਰਰਾਸ਼ਟਰੀ ਸਟੂਡੈਂਟ ਪ੍ਰੋਗਰਾਮ' ਦੀ ਇਮਾਨਦਾਰੀ ਤੇ ਸੱਚੇ ਸੁੱਚੇ ਕਿਰਦਾਰ 'ਤੇ ਉਂਗਲ ਉਠਣੀ ਸ਼ੁਰੂ ਹੋ ਗਈ ਹੈ ਕਿਉਂਕਿ ਕੈਨੇਡਾ 'ਚ ਵਿਦੇਸ਼ੀ ਵਿਦਿਆਰਥੀਆਂ ਨੇ ਫ਼ਰਜ਼ੀ ਦਸਤਾਵੇਜ਼ਾਂ ਰਾਹੀਂ ਵੱਖ ਵੱਖ ਕੋਰਸਾਂ 'ਚ ਦਾਖ਼ਲਿਆਂ ਲਈ ਵੀਜ਼ੇ ਲਏ, ਆਰਜ਼ੀ ਤੇ ਪੱਕੀ ਰਿਹਾਇਸ਼ ਵਾਸਤੇ ਫ਼ਰਜ਼ੀ ਏਜੰਟਾਂ ਨੂੰ ਵੱਡੀਆਂ ਰਕਮਾਂ ਦਿਤੀਆਂ।ਕੈਨੇਡਾ ਦੇ ਵੱਡੇ ਸ਼ਹਿਰ ਟੋਰਾਂਟੋ ਨੇੜੇ ਪੰਜਾਬੀਆਂ ਦੇ ਗੜ੍ਹ ਮਿਸੀਗਾਸਾ ਤੋਂ ਇਕ ਭਾਰਤੀ ਏਜੰਟ ਤੇ ਇਮੀਗ੍ਰੇਸ਼ਨ ਸਲਾਹਕਾਰ ਦੇ ਹਵਾਲੇ ਨਾਲ ਕੈਨੇਡਾ 'ਚ ਛਪੀਆਂ ਖ਼ਬਰਾਂ ਮੁਤਾਬਕ ਸਾਲ 2023 ਤੇ 2024 ਦੌਰਾਨ 1,53000 ਵਿਦਿਆਰਥੀ ਵੀਜ਼ਾ ਪ੍ਰਾਪਤੀਆਂ 'ਚੋਂ ਫ਼ਿਲਹਾਲ 2000 ਕੇਸਾਂ ਦੀ ਪੜਤਾਲ ਸ਼ੁਰੂ ਹੋ ਚੁਕੀ ਹੈ। ਵੀਜ਼ਾ ਪ੍ਰਾਪਤਕਰਤਾ ਤੋਂ ਪੁਛਿਆ ਗਿਆ ਹੈ ਕਿ ਦਾਖ਼ਲਾ ਲਈ ਸੰਸਥਾ ਦਾ ਪਤਾ ਪੂਰਾ ਵੇਰਵਾ ਮੌਜੂਦਾ ਅਤੇ ਪਿਛਲਾ ਰਿਕਾਰਡ ਮੰਗਿਆ ਗਿਆ ਹੈ ਅਤੇ ਜੇ 21 ਦਿਨਾਂ 'ਚ ਚਿੱਠੀ ਦਾ ਜਵਾਬ ਨਹੀਂ ਦਿਤਾ ਤਾਂ ਟੈਂਪਰੇਰੀ ਰੈਜ਼ੀਡੈਂਟ (ਟੀਆਰ) ਰੱਦ ਕਰ ਦਿਤੀ ਜਾਵੇਗੀ। ਖ਼ਬਰਾਂ 'ਚ ਇਹ ਵੀ ਕਿਹਾ ਹੈ ਕਿ ਪਿਛਲੇ ਸਾਲਾਂ 'ਚ ਕਿਹੜੇ ਵਿਦਿਆਰਥੀਆਂ ਨੇ 'ਫਰਾਡ ਸਿਖਿਆ ਸੰਸਥਾਨਾਂ' ਵਲੋਂ ਜਾਰੀ ਦਸਤਾਵੇਜ਼ਾਂ ਤੇ ਸਰਟੀਫ਼ਿਕੇਟਾਂ ਦੇ ਆਧਾਰ 'ਤੇ 'ਵਰਕ ਪਰਮਿਟ' ਲਏ ਜਾਂ ਤਜਰਬਾ ਦਿਖਾ ਕੇ 'ਪੀ.ਆਰ' ਪ੍ਰਾਪਤ ਕੀਤੀ। ਇਨ੍ਹਾਂ ਸਭ ਦੀ ਤਫਤੀਸ਼ ਵੀ ਕੀਤੀ ਜਾਵੇਗੀ। ਔਡੀਟਰ ਜਨਰਲ ਦੀ ਰਿਪੋਰਟ ਮੁਤਾਬਕ ਹੁਣ ਹਰ



ਮਹੀਨੇ ਦੀ 15 ਤਰੀਕ ਨੂੰ ਅਜਿਹੇ ਮਾਮਲਿਆਂ ਦੀ ਜਾਣਕਾਰੀ ਸੰਸਦ ਨੂੰ ਦਿਤੀ ਜਾਵੇਗੀ। ਰਿਪੋਰਟ 'ਚ ਇਹ ਵੀ ਕਿਹਾ ਹੈ ਕਿ ਇਮੀਗ੍ਰੇਸ਼ਨ ਰਿਫ਼ਿਊਜੀ ਸਿਟੀਜਨਸ਼ਿਪ ਕੈਨੇਡਾ (ਆਈ ਆਰ ਸੀ ਸੀ) ਨੇ ਪਹਿਲੀ ਕਿਸ਼ਤ 'ਚ 800 ਸਟੱਡੀ ਪਰਮਿਟਾਂ ਦਾ ਮੁਆਇਨਾ ਕਰਨ ਲਈ ਦਸਤਾਵੇਜ਼ ਪ੍ਰਾਪਤ ਕਰਤਾਵਾਂ ਤੋਂ ਜਾਣਕਾਰੀ ਮੰਗੀ ਗਈ ਹੈ, ਜਿਨ੍ਹਾਂ ਨੇ ਕਥਿਤ ਫਰਾਡ ਕੀਤੇ ਹਨ।

# ਅਸੀਰੀਅਨ ਭਾਈਚਾਰੇ ਨੇ ਆਪਣੇ ਰਵਾਇਤੀ ਸਾਲ ਦੀ ਆਮਦ 'ਤੇ ਮਨਾਇਆ ਜਸ਼ਨ

ਵੈਨਕੂਵਰ, ) : ਕੈਨੇਡਾ ਦੇ ਓਨਟਾਰਿਓ ਸੂਬੇ ਦੇ ਵਿੰਡਸਰ ਸ਼ਹਿਰ ਵਿੱਚ ਸਥਾਨਕ ਅਸੀਰੀਅਨ ਭਾਈਚਾਰੇ ਵੱਲੋਂ ਸ਼ਹਿਰ ਦੇ ਦਰਿਆ ਕਿਨਾਰੇ ਵੱਡੇ ਪੱਧਰ 'ਤੇ ਇਕੱਠੇ ਹੋ ਕੇ ਆਪਣੇ ਰਵਾਇਤੀ ਨਵੇਂ ਸਾਲ ਦੀ ਆਮਦ ਦਾ ਜਸ਼ਨ ਮਨਾਇਆ ਗਿਆ। ਇਸ ਸਮਾਗਮ ਨੇ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤਿਕ ਵਿਰਾਸਤ ਨੂੰ ਇੱਕ ਵਾਰ ਫ਼ਿਰ ਤਾਜ਼ਾ ਕਰ ਦਿੱਤਾ।ਵੇਰਵਿਆਂ ਮੁਤਾਬਕ 'ਖਾਬ ਨਿਸਾਨ' ਨਾਂ ਨਾਲ ਜਾਣੇ ਜਾਂਦੇ ਇਸ ਤਿਉਹਾਰ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਉਕਤ ਭਾਈਚਾਰੇ ਨਾਲ ਸਬੰਧਤ ਲੋਕ ਪਰਿਵਾਰਾਂ ਸਮੇਤ ਸ਼ਾਮਲ ਹੋਏ। ਲੋਕਾਂ ਨੇ ਰਵਾਇਤੀ ਪਹਿਰਾਵੇ ਪਾ ਕੇ ਨਾਚ-ਗਾਣੇ ਕੀਤੇ ਅਤੇ ਆਪਣੇ ਪੁਰਖਿਆਂ ਦੀ ਸੰਸਕ੍ਰਿਤੀ ਨੂੰ ਜ਼ਿੰਦਾ ਰੱਖਣ ਦਾ ਸੰਦੇਸ਼ ਦਿੱਤਾ। ਸਮਾਗਮ ਦੌਰਾਨ ਸਜਾਏ ਗਏ ਰੰਗ-ਬਰੰਗੇ ਝੰਡਿਆਂ ਅਤੇ ਨਾਚ ਗਾਣੇ ਨਾਲ ਸਮੁੱਚਾ ਮਾਹੌਲ ਬਹੁਤ ਹੀ ਰੌਣਕ ਮਈ ਸਿਰਜਿਆ ਨਜ਼ਰੀਆ ਪਿਆ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ ਹਰ ਵਰਗ ਦੇ ਲੋਕਾਂ ਨੇ ਇਸ ਖੁਸ਼ੀ ਵਿੱਚ ਭਾਗ ਲਿਆ ਅਤੇ ਇਕੱਠੇ ਹੋ ਕੇ ਆਪਣੀ ਕੌਮੀ ਪਛਾਣ 'ਤੇ ਮਾਣ



ਜਤਾਇਆ। ਆਯੋਜਕਾਂ ਦਾ ਕਹਿਣਾ ਹੈ ਕਿ ਇਹ ਸਮਾਗਮ ਸਿਰਫ਼ ਨਵੇਂ ਸਾਲ ਦੀ ਖੁਸ਼ੀ ਨਹੀਂ, ਸਗੋਂ ਅਸੀਰੀਅਨ ਭਾਈਚਾਰੇ ਦੀ ਇਤਿਹਾਸਕ ਵਿਰਾਸਤ, ਭਾਸ਼ਾ ਅਤੇ ਸੰਸਕ੍ਰਿਤੀ ਨੂੰ ਅਗਲੀ ਪੀੜ੍ਹੀਆਂ ਤਕ ਪਹੁੰਚਾਉਣ ਦਾ ਇੱਕ ਮਹੱਤਵਪੂਰਨ ਜ਼ਰੀਆ ਵੀ ਹੈ।

# ਕੈਨੇਡਾ ਜਾਣ ਵਾਲਿਆਂ ਦੀ ਲੱਗੀ ਲਾਟਰੀ ! ਇਮੀਗ੍ਰੇਸ਼ਨ ਰਾਹਤ ਯੋਜਨਾ ਨੇ ਖੋਲ੍ਹੇ ਪੀ.ਆਰ. ਦੇ ਦਰਵਾਜ਼ੇ

ਟੋਰਾਂਟੋ : ਕੈਨੇਡਾ ਵਿੱਚ ਪੱਕੇ ਹੋਣ ਦੀ ਉਡੀਕ ਕਰ ਰਹੇ ਹਜ਼ਾਰਾਂ ਪੰਜਾਬੀਆਂ ਲਈ ਇੱਕ ਬਹੁਤ ਹੀ ਵੱਡੀ ਅਤੇ ਖੁਸ਼ੀ ਵਾਲੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਸਰਕਾਰ ਨੇ ਆਪਣੀ ਨਵੀਂ 'ਇੰਮੀਗ੍ਰੇਸ਼ਨ ਰਾਹਤ ਯੋਜਨਾ' ਦੇ ਤਹਿਤ ਪੀ.ਆਰ. ਦੇ ਨਿਯਮਾਂ ਵਿੱਚ ਵੱਡੀ ਢਿੱਲ ਦੇਣ ਦਾ ਐਲਾਨ ਕੀਤਾ ਹੈ। ਇਸ ਐਲਾਨ ਨਾਲ ਹਜ਼ਾਰਾਂ ਪੰਜਾਬੀ ਨੌਜਵਾਨਾਂ ਅਤੇ ਪਰਿਵਾਰਾਂ ਨੂੰ ਰਾਹਤ ਮਿਲੀ ਹੈ। ਇਸ ਯੋਜਨਾ ਦੇ ਤਹਿਤ ਜਿਨ੍ਹਾਂ ਦੇ ਵਰਕ ਪਰਮਿਟ, ਸਟੱਡੀ ਵੀਜ਼ਾ, ਜਾਂ ਵਿਜ਼ਟਰ ਵੀਜ਼ਾ ਦੀ ਮਿਆਦ ਖ਼ਤਮ ਹੋ ਗਈ ਹੈ, ਉਨ੍ਹਾਂ ਕੋਲ ਹੁਣ ਆਪਣੀ ਸਥਿਤੀ ਬਹਾਲ ਕਰਨ ਦਾ ਮੌਕਾ ਹੈ। ਇਸ ਨਾਲ ਉਹ ਕੈਨੇਡਾ ਵਿੱਚ ਆਪਣੀ ਪੜ੍ਹਾਈ ਜਾਰੀ ਰੱਖ ਸਕਣਗੇ ਅਤੇ ਕਾਨੂੰਨੀ ਤੌਰ 'ਤੇ ਕੰਮ ਕਰ ਸਕਣਗੇ। ਕੈਨੇਡਾ ਦੀ ਇੰਮੀਗ੍ਰੇਸ਼ਨ ਮੰਤਰੀ ਲੀਨਾ ਡਾਇਬ ਵਲੋਂ ਐਲਾਨੀ ਗਈ ਇਸ ਯੋਜਨਾ ਦੇ ਤਹਿਤ ਅੰਤਰਰਾਸ਼ਟਰੀ ਵਿੱਦਿਆਰਥੀਆਂ, ਅਸਥਾਈ ਕਾਮਿਆਂ ਅਤੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਸੈਲਾਨੀਆਂ ਨੂੰ ਰਾਹਤ ਪ੍ਰਦਾਨ ਕੀਤੀ ਗਈ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਜਿਨ੍ਹਾਂ ਦੇ ਵੀਜ਼ੇ 90 ਦਿਨਾਂ ਤੋਂ ਵੱਧ ਸਮੇਂ ਪਹਿਲਾਂ ਖ਼ਤਮ ਹੋ ਗਏ ਹਨ, ਉਨ੍ਹਾਂ ਨੂੰ ਵੀ ਆਪਣੀ ਸਥਿਤੀ ਬਹਾਲ ਕਰਨ ਦਾ ਮੌਕਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਐਮਰਜੈਂਸੀ ਸੇਵਾਵਾਂ ਨਾਲ ਜੁੜੇ ਵਿਦੇਸ਼ੀ ਕਾਮਿਆਂ ਨੂੰ ਵੀਜ਼ਾ ਅਤੇ ਬਾਇਓਮੈਟ੍ਰਿਕ ਫ਼ੀਸਾਂ ਤੋਂ ਛੋਟ ਦਿੱਤੀ ਗਈ ਹੈ ਤਾਂ ਜੋ ਉਹ ਪ੍ਰਭਾਵਿਤ ਖੇਤਰਾਂ ਵਿੱਚ ਜਲਦੀ ਸਹਾਇਤਾ ਪਹੁੰਚਾ ਸਕਣ।ਇਸ ਫ਼ੈਸਲੇ ਨਾਲ ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।

ਪੰਜਾਬ ਵਿੱਚ ਰਹਿਣ ਵਾਲੇ ਮਾਪੇ ਵੀ ਇਸ ਨੂੰ ਆਪਣੇ ਬੱਚਿਆਂ ਦੇ ਭਵਿੱਖ ਲਈ ਇੱਕ ਮਹੱਤਵਪੂਰਨ ਰਾਹਤ ਵਜੋਂ ਦੇਖ ਰਹੇ ਹਨ। ਜਿਹੜੇ ਨੌਜਵਾਨ ਪਹਿਲਾਂ ਆਪਣੀ ਸਥਿਤੀ ਬਾਰੇ ਅਨਿਸ਼ਚਿਤ ਸਨ, ਉਨ੍ਹਾਂ ਨੂੰ ਹੁਣ ਕਾਨੂੰਨੀ ਸੁਰੱਖਿਆ ਅਤੇ ਸਥਿਰਤਾ ਦੇ ਖੇਤਰ ਵਿੱਚ ਉਮੀਦ ਮਿਲੀ ਹੈ। ਇੱਕ ਇੰਮੀਗ੍ਰੇਸ਼ਨ ਮਾਹਿਰ ਨੇ ਇਸ ਫ਼ੈਸਲੇ ਨੂੰ ਪੰਜਾਬੀ ਨੌਜਵਾਨਾਂ ਲਈ ਦੂਜਾ ਮੌਕਾ ਦੱਸਿਆ ਹੈ। ਉਨ੍ਹਾਂ ਅਨੁਸਾਰ ਬਹੁਤ ਸਾਰੇ ਵਿੱਦਿਆਰਥੀ ਅਤੇ ਕਾਮੇ ਤਕਨੀਕੀ ਮੁੱਦਿਆਂ ਕਾਰਨ ਆਪਣਾ ਦਰਜਾ ਗੁਆ ਚੁੱਕੇ ਸਨ, ਪਰ ਹੁਣ ਉਹ ਬਿਨਾਂ ਕਿਸੇ ਰੁਕਾਵਟ ਦੇ ਆਪਣੀ ਪੜ੍ਹਾਈ ਅਤੇ ਕਰੀਅਰ ਜਾਰੀ ਰੱਖ ਸਕਦੇ ਹਨ ਅਤੇ ਸਥਾਈ ਨਿਵਾਸ (ਪੀ.ਆਰ.) ਵਲ ਅੱਗੇ ਵੱਧ ਸਕਦੇ ਹਨ।

# ਹਫ਼ਤਾਵਾਰੀ ਪ੍ਰੀਤਨਾਮਾ

**Weekly Preetnama** www.preetnama.com
+1 (201) 312-4180





**PRITPAL KAUR**
Editor-In-Chief
+1 201-312-4180
+1 917-328-8436

*****************************
Sunil Kumar Gund
(Journalist) India
**********************************
Raj Rani
Video editor
*************************************
Jagmeet Kaur
97817-41631
*****************************

**ADVISORY BOARD**

Joga Singh
*****************************
Jaswinder Singh New Jersey
********************************
Mindi Manak
NewYork
*********************************
Jagjit Singh Dasuya
*****************************
Gurmeet Singh Dhalwan
Chicago
*****************************
G. S Singh Punjab
*****************************
Sujan Nag, USA
*****************************
Dr. Jagdeep Dhimaan, India
*****************
Sarabjit Kaur Punjab
*********************
Sukhmandar Brar
(Bhagata Bhaika) Vancouver,

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਵਧ ਰਿਹਾ ਆਰਥਿਕ ਪਾੜਾ ਕਿਵੇਂ ਰੁਕੇ

ਮੁਲਕ ਵਿਚ ਆਰਥਿਕ ਪਾੜਾ ਖਤਰਨਾਕ ਹੱਦ ਪਾਰ ਕਰ ਗਿਆ ਹੈ। ਇਹ ਵਰਤਾਰਾ ਸੰਵਿਧਾਨ ਦੀ ਭਾਵਨਾ ਦੇ ਖਿਲਾਫ ਹੈ। ਸੰਵਿਧਾਨ ਦੀ ਮਦ 39(ਬੀ) ਮੁਤਾਬਿਕ ਅਰਥਚਾਰਾ ਆਮ ਲੋਕਾਂ ਦੀ ਭਲਾਈ ਵਾਸਤੇ ਵਿਕਸਿਤ ਕੀਤਾ ਜਾਵੇਗਾ। ਸੰਵਿਧਾਨ ਦੀ ਮਦ 39(ਸੀ) ਅਨੁਸਾਰ ਅਰਥਚਾਰਾ ਇਸ ਤਰੀਕੇ ਨਾਲ ਵਿਕਸਿਤ ਹੋਵੇਗਾ ਕਿ ਆਰਥਿਕ ਵਸੀਲੇ/ਸ਼ਕਤੀ ਥੋੜ੍ਹੇ ਜਿਹੇ ਹੱਥਾਂ ਵਿਚ ਇਕੱਤਰ ਨਾ ਹੋ ਜਾਵੇ। ਵਧ ਰਹੇ ਆਰਥਿਕ ਪਾੜੇ ਕਾਰਨ ਆਰਥਿਕ ਵਿਕਾਸ ਅਤੇ ਸਮਾਜਿਕ ਤਾਣੇ-ਬਾਣੇ ਵਾਸਤੇ ਗੰਭੀਰ ਅਸਰ ਪੈਦਾ ਹੋ ਸਕਦੇ ਹਨ। ਧਨ ਦੌਲਤ ਵੱਡੇ ਪੱਧਰ ਤੇ ਥੋੜ੍ਹੇ ਹੱਥਾਂ ਵਿਚ ਇਕੱਤਰ ਹੋਣ ਕਾਰਨ ਆਮ ਲੋਕਾਂ ਕੋਲ ਖਰੀਦ ਸ਼ਕਤੀ ਆਮਦਨ ਦੇ ਰੂਪ ਵਿਚ ਨਹੀਂ ਪਹੁੰਚ ਰਹੀ ਜਿਸ ਕਾਰਨ ਉਹ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਕਰ ਸਕਦੇ। ਇਸ ਨਾਲ ਉਨ੍ਹਾਂ ਦੇ ਬੱਚਿਆਂ ਦਾ ਜਿਸਮਾਨੀ ਅਤੇ ਬੌਧਿਕ ਵਿਕਾਸ ਵੀ ਠੀਕ ਨਹੀਂ ਹੋ ਰਿਹਾ। ਇਸ ਦਾ ਅਨੁਮਾਨ ਤਾਜ਼ਾ ਨੈਸ਼ਨਲ ਫੈਮਿਲੀ ਅਤੇ ਹੈਲਥ ਸਰਵੇ 2019-20 ਤੋਂ ਪਤਾ ਲਗ ਸਕਦਾ ਹੈ। ਇਸ ਸਰਵੇ ਅਨੁਸਾਰ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚੋਂ 23 ਤੋਂ 47% ਬੱਚੇ ਬੌਣੇ ਹਨ। ਇਨ੍ਹਾਂ ਦਾ ਕੱਦ ਆਪਣੇ ਭਾਰ ਤੇ ਉਮਰ ਮੁਤਾਬਕ ਘੱਟ ਹੈ। ਸਤਾਰਾਂ ਵਿਚੋਂ ਗਿਆਰਾਂ ਸੂਬਿਆਂ ਦੇ ਬੱਚਿਆਂ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਬੌਣੇ ਬੱਚਿਆਂ ਦਾ ਅਨੁਪਾਤ ਵਧਿਆ ਹੈ। ਇਸ ਸਮੇਂ ਦੌਰਾਨ ਸਖ਼ਤ ਭੁਖਮਰੀ ਦੇ ਸਿ਼ਕਾਰ ਬੱਚਿਆਂ ਦੇ ਅਨੁਪਾਤ ਵਿਚ ਵੀ ਵਾਧਾ ਹੋਇਆ ਹੈ। ਘੱਟ ਅਤੇ ਅਸੰਤੁਲਤ ਖੁਰਾਕ ਕਰਕੇ 50% ਤੋਂ ਵੱਧ ਗਰਭਵਤੀ ਔਰਤਾਂ ਵਿਚ ਖੂਨ ਦੀ ਘਾਟ ਇਸ ਸਰਵੇ ਵਿਚ ਦਰਜ ਹੋਈ ਹੈ। ਖੂਨ ਦੀ ਘਾਟ ਵਾਲੀਆਂ ਔਰਤਾਂ ਦੀ ਗਿਣਤੀ ਅਤੇ ਅਨੁਪਾਤ ਵੀ ਪਿਛਲੇ ਪੰਜ ਸਾਲਾਂ ਦੌਰਾਨ ਵਧਿਆ ਹੈ।

ਵਧ ਰਹੇ ਆਰਥਿਕ ਪਾੜੇ ਕਾਰਨ 10% ਲੋਕਾਂ ਕੋਲ ਮੁਲਕ ਦੀ 77% ਧਨ ਦੌਲਤ ਇਕੱਠੀ ਹੋ ਗਈ ਹੈ। ਇਸ ਕਰਕੇ ਅਰਬਪਤੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਨ੍ਹਾਂ ਦੀ ਗਿਣਤੀ ਸੰਨ 2000 ਵਿਚ ਸਿਰਫ਼ ਨੌਂ ਸੀ ਜਿਹੜੀ 2022 ਵਿਚ 119 ਹੋ ਗਈ ਹੈ। ਕਾਰਪੋਰੇਟ ਕੰਪਨੀਆਂ ਦਾ ਮੁਲਕ ਦੀ 40% ਆਮਦਨ ਉੱਤੇ ਕਬਜ਼ਾ ਹੋ ਗਿਆ ਹੈ। ਦੂਜੇ ਪਾਸੇ, 77% ਆਬਾਦੀ ਗਰੀਬ ਤੇ ਕਮਜ਼ੋਰ ਲੋਕਾਂ ਦੀ ਹੈ ਅਤੇ ਇਨ੍ਹਾਂ ਕੋਲ ਮੁਲਕ ਦੀ ਕੁੱਲ ਆਮਦਨ ਦਾ 20% ਤੋਂ ਵੀ ਘੱਟ ਰਹਿ ਗਿਆ ਹੈ। ਸਿੱਟੇ ਵਜੋਂ ਮੁਲਕ ਵਿਚ ਪੈਦਾ ਵਸਤੂਆਂ ਦੀ ਖਰੀਦ ਵਿਚ ਖੜੋਤ ਆ ਗਈ ਹੈ। ਸੰਸਾਰ ਮੰਡੀ ਵਿਚ ਆਈ ਮੰਦੀ ਕਾਰਨ ਇਨ੍ਹਾਂ ਦੀ ਮੰਗ ਵੀ ਸੁੰਗੜ ਗਈ ਹੈ ਅਤੇ ਵਿਕਾਸ ਦਰ ਵਿਚ ਗਿਰਾਵਟ ਆਈ ਹੈ। ਇਹ ਗਿਰਾਵਟ 2014-15 ਤੋਂ 2019-2020 (ਕੋਵਿਡ-19 ਤੋਂ ਪਹਿਲਾਂ) ਲਗਾਤਾਰ ਜਾਰੀ ਸੀ। ਇਸ ਕਰਕੇ ਆਰਥਿਕ ਵਿਕਾਸ ਵਿਚ ਆਮ ਲੋਕਾਂ ਦੀ ਸ਼ਮੂਲੀਅਤ, ਭੁੱਖਮਰੀ ਦੇ ਖਾਤਮੇ, ਆਮ ਲੋਕਾਂ ਦੀ ਆਰਥਿਕ ਹਾਲਤ ਸੁਧਾਰਨ ਹਿੱਤ ਅਤੇ ਆਰਥਿਕ ਵਿਕਾਸ ਮੁੜ ਲੀਹਾਂ ਉਤੇ ਲਿਆਉਣ ਲਈ ਜ਼ਰੂਰੀ ਹੈ ਕਿ ਵਧ ਰਿਹਾ ਆਰਥਿਕ ਪਾੜਾ ਰੋਕ ਕੇ ਉਸ ਨੂੰ ਠੀਕ ਕੀਤਾ ਜਾਵੇ।

ਥੌਮਸ ਪਿਕਟੀ ਨੇ ਆਪਣੀ ਪ੍ਰਸਿੱਧ ਪੁਸਤਕ '21ਵੀਂ ਸਦੀ ਵਿਚ ਸਰਮਾਇਆ' ਵਿਚ ਸੰਸਾਰ ਦੇ ਮੁਲਕਾਂ ਵਿਚ ਵਧ ਰਹੀ ਨਾ-ਬਰਾਬਰੀ ਦਾ ਅਧਿਐਨ ਪਿਛਲੀ ਇੱਕ ਸਦੀ ਦੇ ਅੰਕੜੇ ਇਕੱਠੇ ਕਰਨ ਤੋਂ ਬਾਅਦ ਕੀਤਾ ਹੈ। ਉਹ ਇਸ ਨਤੀਜੇ ਤੇ ਪਹੁੰਚਿਆ ਹੈ ਕਿ ਅਗਰ ਮੁਲਕ ਦੇ ਵਿਕਾਸ ਦੀ ਦਰ ਨਾਲੋਂ ਸਰਮਾਏ ਦੇ ਮੁਨਾਫ਼ੇ ਦੀ ਦਰ ਵਧ ਜਾਵੇ ਤਾਂ ਆਮਦਨ ਵਿਚ ਨਾ-ਬਰਾਬਰੀ ਵਧ ਜਾਵੇਗੀ ਅਤੇ ਧਨ ਦੌਲਤ ਥੋੜ੍ਹੇ ਵਿਅਕਤੀਆਂ ਕੋਲ ਇਕੱਠੀ ਹੋ ਜਾਵੇਗੀ। ਵੱਖ-ਵੱਖ ਮੁਲਕਾਂ ਵਿਚ 1980 ਤੋਂ ਬਾਅਦ ਨਵ-ਉਦਾਰਵਾਦੀ ਨੀਤੀਆਂ ਲਾਗੂ ਹੋਣ ਬਾਅਦ ਅਜਿਹਾ ਤੇਜ਼ੀ ਨਾਲ ਹੋਇਆ ਹੈ। ਇਨ੍ਹਾਂ ਮੁਲਕਾਂ ਅੰਦਰ ਕੰਪਨੀਆਂ ਦੇ ਮੁਨਾਫ਼ੇ ਦੀਆਂ ਦਰਾਂ ਵਿਕਾਸ ਦੀਆਂ ਦਰਾਂ ਤੋਂ ਵੱਧ ਹੋ ਗਈਆਂ ਹਨ। ਭਾਰਤ ਵਿਚ ਵੀ 1991 ਤੋਂ ਬਾਅਦ ਅਜਿਹਾ ਤੇਜ਼ੀ ਨਾਲ ਵਾਪਰਿਆ ਹੈ। ਕੰਪਨੀਆਂ ਨੂੰ ਆਪੋ-ਆਪਣੇ ਕਾਰੋਬਾਰ ਵਧਾਉਣ ਵਾਸਤੇ ਭਾਰਤ ਸਰਕਾਰ ਨੇ ਬਹੁਤ ਰਿਆਇਤਾਂ ਅਤੇ ਸਹੂਲਤਾਂ ਦਿੱਤੀਆਂ। ਦੂਜੇ ਪਾਸੇ, ਕਿਰਤੀਆਂ ਤੇ ਕਿਸਾਨਾਂ ਦੀ ਲੁੱਟ ਵਧਾ ਕੇ ਕੰਪਨੀਆਂ ਦੀਆਂ ਤਜੌਰੀਆਂ ਭਰੀਆਂ ਗਈਆਂ। ਪਿਕਟੀ ਦਾ ਵਿਚਾਰ ਹੈ ਕਿ ਆਰਥਿਕ ਨਾ-ਬਰਾਬਰੀ ਘਟਾਉਣ ਵਾਸਤੇ ਸਭ ਤੋਂ ਵੱਧ ਜ਼ਰੂਰੀ ਹੈ, ਨਵ-ਉਦਾਰਵਾਦੀ ਨੀਤੀ ਬਦਲੀ ਜਾਵੇ। ਬਦਲਣ ਦੀ ਪ੍ਰਕਿਰਿਆ ਬਾਰੇ ਉਸ ਦਾ ਸੁਝਾਅ ਹੈ ਕਿ ਸੁਪਰ ਅਮੀਰ ਕਰੋੜਪਤੀਆਂ ਤੇ ਟੈਕਸ ਵਧਾ ਕੇ ਸਰਕਾਰ ਦੀ ਆਮਦਨ ਵਧਾਈ ਜਾ ਸਕਦੀ ਹੈ ਅਤੇ ਇਹ ਆਮਦਨ ਆਮ ਲੋਕਾਂ ਦੇ ਕਲਿਆਣ ਤੇ ਆਰਥਿਕ ਵਿਕਾਸ ਵਾਸਤੇ ਖਰਚੀ ਜਾ ਸਕਦੀ ਹੈ। ਉਸ ਨੇ ਧਨ ਦੌਲਤ ਟੈਕਸ ਦੀ ਜ਼ੋਰਦਾਰ ਵਕਾਲਤ ਗਈ ਹੈ। ਉਸ ਅਨੁਸਾਰ, ਧਨ ਦੌਲਤ ਦੀ ਕਾਣੀ ਵੰਡ ਨਾ-ਬਰਾਬਰੀ ਵਧਾਉਂਦੀ ਹੈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਆਮਦਨ ਵਿਚ ਹਿੱਸਾ 50% ਤੋਂ ਵੀ ਜਿ਼ਆਦਾ ਹੋਣ ਕਾਰਨ ਅਮੀਰਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਅਮੀਰ ਕਰਦਾ ਜਾਂਦਾ ਹੈ। ਇਹ ਵੀ ਦੇਖਿਆ ਗਿਆ ਕਿ ਸਰਕਾਰਾਂ ਕਾਰਪੋਰੇਟ ਆਮਦਨ ਤੇ ਟੈਕਸ ਲਗਾਤਾਰ ਘਟਾ ਰਹੀਆਂ ਹਨ। ਪਿਕਟੀ ਦਾ ਸੁਝਾਅ ਹੈ ਕਿ ਕਾਰਪੋਰੇਟ ਆਮਦਨ ਟੈਕਸ ਦੀ ਦਰ ਵਧਾਈ ਜਾਵੇ। ਕੈਨੇਡਾ ਅਤੇ ਸਕੈਂਡੀਨੇਵੀਅਨ ਮੁਲਕਾਂ ਵਿਚ ਇਹ ਦਰਾਂ ਕਾਫੀ ਉੱਚੀਆਂ ਹਨ। ਸੰਸਾਰ ਪੱਧਰ ਤੇ ਸਰਮਾਇਆ ਕਿਉਂਕਿ ਇਕ ਤੋਂ ਦੂਜੇ ਮੁਲਕਾਂ ਨੂੰ ਤੇਜ਼ੀ ਨਾਲ ਚਲਾ ਜਾਂਦਾ ਹੈ, ਇਸ ਕਰਕੇ ਇਸ ਮੁੱਦੇ ਨੂੰ ਸੰਸਾਰ ਪੱਧਰ ਤੇ ਵਿਚਾਰ ਕੇ ਕਾਰਵਾਈ ਦੀ ਕੋਸਿ਼ਸ਼ ਕਰਨ ਦੀ ਲੋੜ ਹੈ।

ਮੋਦੀ ਸਰਕਾਰ ਨੇ 2016 ਵਿਚ ਧਨ ਦੌਲਤ ਟੈਕਸ ਖਤਮ ਕਰ ਦਿੱਤਾ ਸੀ। ਇਹ ਟੈਕਸ ਬਹਾਲ ਕਰਕੇ ਇਸ ਦੀ ਦਰ ਘੱਟੋ-ਘੱਟ 10% ਤੈਅ ਕਰਨੀ ਬਣਦੀ ਹੈ। ਇਵੇਂ ਹੀ ਕਾਰਪੋਰੇਟ ਆਮਦਨ ਟੈਕਸ ਦੀ ਦਰ 35% ਤੋਂ ਘਟਾ ਕੇ 23% ਕਰਨ ਦਾ ਵਿਰੋਧ ਕਰਨਾ ਬਣਦਾ ਹੈ। ਇਹ ਟੈਕਸ 35% ਕਰਨ ਨਾਲ ਸਰਕਾਰ ਕੋਲ ਘੱਟੋ-ਘੱਟ ਸਾਲਾਨਾ 1.5 ਲੱਖ ਕਰੋੜ ਦੇ ਬਰਾਬਰ ਹੋਰ ਆਮਦਨੀ ਆਉਣੀ ਸ਼ੁਰੂ ਹੋ ਜਾਵੇਗੀ। ਫਿਰ ਸਰਕਾਰ ਨੂੰ ਪੈਟਰੋਲ, ਡੀਜ਼ਲ, ਰਸੋਈ ਗੈਸ ਅਤੇ ਰਸਾਇਣਕ ਖਾਦਾਂ ਦੀ ਕੀਮਤ ਵਧਾ ਕੇ ਆਮ ਲੋਕਾਂ ਦੀਆਂ ਜੇਬਾਂ ਵਿਚੋਂ ਪੈਸੇ ਕੱਢਣ ਦੀ ਲੋੜ ਘਟ ਜਾਵੇਗੀ। ਵੱਡੇ ਕਾਰਪੋਰੇਟ ਘਰਾਣਿਆਂ ਦੀਆਂ ਕੰਪਨੀਆਂ ਨੂੰ ਸਬਸਿਡੀ ਬੰਦ ਕਰਨੀ ਟੈਕਸ ਦੇ ਸਿਧਾਂਤਾਂ ਦੇ ਅਨੁਕੂਲ ਹੈ। ਉਦਯੋਗਾਂ ਵਿਚ ਸਿਰਫ਼ ਛੋਟੀਆਂ, ਮਾਈਕਰੋ ਅਤੇ ਵਰਕਸ਼ਾਪਾਂ ਨੂੰ ਹੀ ਸਬਸਿਡੀਆਂ ਦੇਣ ਨੂੰ ਤਰਜੀਹ ਦੇਣੀ ਠੀਕ ਲੱਗਦੀ ਹੈ। ਕਾਰਨ ਇਹ ਕਿ ਇਨ੍ਹਾਂ ਵਿਚ ਹੀ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਰਹੇ ਹਨ। ਇਨ੍ਹਾਂ ਇਕਾਈਆਂ ਰਾਹੀਂ ਹੀ ਨਵੇਂ ਲੋਕ ਉਦਯੋਗ ਅਤੇ ਬਿਜ਼ਨਸ ਸੈਕਟਰ ਵਿਚ ਜ਼ੋਰ ਅਜ਼ਮਾਈ ਕਰ ਰਹੇ ਹਨ। ਇਸ ਨਾਲ ਧਨ ਦੌਲਤ ਦੀ ਕਾਣੀ ਵੰਡ ਵੀ ਘਟਦੀ ਹੈ। ਇਸ ਦੇ ਨਾਲ ਹੀ ਜਿਹੜੀਆਂ ਵੱਡੀਆਂ ਕਾਰਪੋਰੇਟ ਕੰਪਨੀਆਂ ਬੈਂਕਾਂ ਦੇ ਪੈਸੇ ਨਹੀਂ ਮੋੜ ਰਹੀਆਂ, ਉਨ੍ਹਾਂ ਕੰਪਨੀਆਂ ਦੀ ਜਾਇਦਾਦ ਕੁਰਕ ਕਰਕੇ ਇਨ੍ਹਾਂ ਪੈਸਿਆਂ ਦੀ ਉਗਰਾਹੀ ਕਰਨੀ ਚਾਹੀਦੀ ਹੈ। ਇਸ ਨਾਲ ਬੈਂਕਾਂ ਦੀ ਐੱਨਪੀਏ ਘਟਾ ਕੇ ਮਾਇਕ ਹਾਲਤ ਠੀਕ ਕੀਤੀ ਜਾ ਸਕਦਾ ਹੈ। ਇਸ ਕਾਰਵਾਈ ਨਾਲ ਕਾਰਪੋਰੇਟ ਘਰਾਣਿਆਂ ਦੀ ਬੈਂਕਾਂ ਦੀ ਲੁੱਟ ਰੋਕੀ ਜਾ ਸਕਦੀ ਹੈ ਅਤੇ ਸਰਕਾਰੀ ਖਜ਼ਾਨੇ ਤੇ ਬੈਂਕਾਂ ਨੂੰ ਸਿਹਤਮੰਦ ਰੱਖਣ ਲਈ ਬੋਝ ਵੀ ਘਟੇਗਾ। ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਦੇ ਕੰਮਕਾਜ ਨੂੰ ਸਾਫ਼ ਸੁਥਰਾ ਰੱਖਣ ਲਈ ਲਾਜ਼ਮੀ ਹੈ ਕਿ ਇਨ੍ਹਾਂ ਦੇ ਬੋਰਡ ਆਫ ਡਾਇਰੈਕਟਰਜ਼ ਤੇ ਕਰਮਚਾਰੀਆਂ ਅਤੇ ਕਿਰਤੀਆਂ ਦੀ ਨੁਮਾਇੰਦਗੀ ਨੂੰ ਯਕੀਨੀ ਬਣਾਈ ਜਾਵੇ। ਇਉਂ ਹਿਸਾਬ ਕਿਤਾਬ ਵਿਚ ਹੇਰਾਫੇਰੀ ਕਰਕੇ ਟੈਕਸਾਂ ਦੀ ਚੋਰੀ ਬੰਦ ਕੀਤੀ ਜਾ ਸਕਦੀ ਹੈ। ਇਸ ਨੂੰ ਪਬਲਿਕ ਸੈਕਟਰ ਦੇ ਅਦਾਰਿਆਂ ਵਿਚ ਕਿਰਤੀਆਂ ਦੀ ਮੈਨੇਜਮੈਂਟ ਵਿਚ ਸ਼ਮੂਲੀਅਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਵਰਤਾਰਾ ਜਰਮਨੀ ਵਿਚ ਵੱਡੀ ਪੱਧਰ ਤੇ ਲਾਗੂ ਕੀਤਾ ਗਿਆ ਹੈ। ਪਬਲਿਕ ਸੈਕਟਰ ਦੇ ਅਦਾਰੇ ਵੇਚਣ ਦਾ ਰੁਝਾਨ ਬੰਦ ਕੀਤਾ ਜਾਵੇ ਅਤੇ ਘਾਟੇ ਵਾਲੇ ਅਦਾਰਿਆਂ ਨੂੰ ਸੁਧਾਰ ਕੇ ਮੁੜ ਪੈਰਾਂ ਸਿਰ ਕੀਤਾ ਜਾ ਸਕਦਾ ਹੈ। ਪਬਲਿਕ ਸੈਕਟਰ ਦੇ ਅਦਾਰੇ ਮੁਲਾਜ਼ਮਾਂ ਨੂੰ ਤਨਖਾਹਾਂ ਅਤੇ ਦੂਜੀਆਂ ਸਹੂਲਤਾਂ ਕਾਰਨ ਮਾਡਲ ਰੁਜ਼ਗਾਰ ਦਾਤਾ ਮੰਨੇ ਜਾਂਦੇ ਹਨ। ਮਹਾਮਾਰੀ ਜਾਂ ਐਮਰਜੈਂਸੀ ਸਮੇਂ ਇਹੀ ਅਦਾਰੇ ਕੰਮ ਆਉਂਦੇ ਹਨ। ਪ੍ਰਾਈਵੇਟ ਅਦਾਰੇ ਤਾਂ ਆਪਣੀ ਦੁਕਾਨ ਬੰਦ ਕਰਕੇ ਬੈਠ ਜਾਂਦੇ ਹਨ। ਕੋਵਿਡ-19 ਦੌਰਾਨ ਲੋਕਾਂ ਦਾ ਇਹੀ ਤਜਰਬਾ ਹੈ। ਦੁਨੀਆ ਵਿਚ ਅੱਜ ਕੱਲ੍ਹ ਅਰਥਚਾਰੇ ਵਿਚ ਨਵੇਂ ਤਜਰਬੇ ਦੀ ਕਾਫੀ ਚਰਚਾ ਹੈ। ਇਹ ਹੈ, ਨਾਗਰਿਕਾਂ ਲਈ ਘੱਟੋ-ਘੱਟ ਬੁਨਿਆਦੀ ਆਮਦਨ ਯਕੀਨੀ ਬਣਾਉਣਾ। ਇਸ ਦਾ ਪੱਧਰ ਮੁਲਕਾਂ ਦੇ ਔਸਤਨ ਆਮਦਨੀ ਅਤੇ ਜੀਵਨ ਪੱਧਰ ਤੇ ਨਿਰਭਰ ਕਰਦਾ ਹੈ।




# ਕਿਵੇਂ ਇਸ ਸ਼ਖਸ ਦੇ ਖ਼ੁਰਾਫ਼ਾਤ ਦਿਮਾਗ ਨੇ ਕੈਲੀਫੋਰਨੀਆ ਅੰਦਰ ਇੱਕ ਨਵਾਂ ਮੁਲਕ ਹੀ ਬਣਾ ਦਿੱਤਾ, ਜਿਸਦਾ ਆਪਣਾ ਪਾਸਪੋਰਟ, ਕਰੰਸੀ ਤੇ ਰੂਲ ਹਨ




ਕੈਲੀਫੋਰਨੀਆ ਦੀ ਕੋਚੇਲਾ ਵੈਲੀ 'ਚ ਸਥਿਤ ਖਜੂਰਾਂ ਦੇ ਬਾਗਾਂ ਅਤੇ ਮੈਕਸੀਕੋ ਬਾਰਡਰ ਵਿਚਾਲੇ ਜਿੱਥੇ ਤੱਕ ਨਜ਼ਰ ਜਾਂਦੀ ਹੈ, ਰੇਗੀਸਤਾਨ ਹੀ ਨਜ਼ਰ ਆਉਂਦਾ ਹੈ। ਇਹ ਇਲਾਕਾ ਕੰਡਿਆਲੀ ਝਾੜੀਆਂ ਨਾਲ ਘਿਰਿਆ ਹੋਇਆ, ਹਵਾ 'ਚ ਕੀੜਿਆਂ ਦੀ ਆਵਾਜ਼ ਸੁਣਾਈ ਦਿੰਦੀ ਹੈ ਅਤੇ ਦੂਰ ਇੱਕ ਪਨਡੁੱਬੀ ਨਜ਼ਰ ਆਉਂਦੀ ਹੈ। ਇਹ ਹੈ ਰਿਪਬਲਿਕ ਆਫ ਸਲੋਜਮਾਸਤਾਨ ਜੋ ਦੁਨੀਆ ਦਾ ਸਭ ਤੋਂ ਨਵਾਂ ਬਣਿਆ ਮਾਈਕ੍ਰੋਨੇਸ਼ਨ ਹੈ।

ਕਰੀਬ ਸਾਢੇ ਚਾਰ ਹੈਕਟੇਅਰ 'ਚ ਫੈਲਿਆ ਇਹ ਇੱਕ ਅਜਿਹਾ ਇਲਾਕਾ ਹੈ, ਜਿਸਨੂੰ ਇੱਥੋਂ ਲੰਘਣ ਵਾਲੇ ਡਰਾਈਵਰ ਅਕਸਰ ਨਜ਼ਰਅੰਦਾਜ਼ ਕਰ ਜਾਂਦੇ ਹਨ। ਹਾਲਾਂਕਿ ਜਦੋਂ ਤੁਸੀਂ ਇਸ ਅੰਦਰ ਕਦਮ ਰੱਖਦੇ ਹੋ ਤਾਂ ਮੰਨੋ ਅਸਲ ਦੁਨੀਆ ਜਿਵੇਂ ਗਾਇਬ ਹੀ ਹੋ ਜਾਂਦੀ ਹੈ। ਇਸ 'ਮੁਲਕ' 'ਚ ਕ੍ਰੋਕਸ (ਪਲਾਸਟਿਕ ਦੀਆਂ ਚੱਪਲਾਂ ਦਾ ਬ੍ਰਾਂਡ) ਨੂੰ ਸੰਵਿਧਾਨਕ ਤੌਰ 'ਤੇ ਬੈਨ ਕੀਤਾ ਗਿਆ ਹੈ। ਇੱਕ ਤੋਂ ਵੱਧ ਲੋਕਾਂ ਨੂੰ ਮੇਲ ਭੇਜਣਾ ਗੈਰ-ਕਾਨੂੰਨੀ ਹੈ। ਤੇਜ਼ ਗੱਡੀ ਚਲਾਉਣ ਦੀ ਇਜਾਜ਼ਤ ਹੈ ਪਰ ਸਿਰਫ਼ ਉਦੋਂ ਜਦੋਂ ਤੁਸੀਂ ਟਾਕੋਸ (ਮੈਕਸੀਕਨ ਡਿਸ਼) ਲੈਕੇ ਘਰ ਜਾ ਰਹੇ ਹੋਵੋਂ।

ਇਸ ਦੇਸ਼ ਦਾ ਕੌਮੀ ਜਾਨਵਰ ਰਕੂਨ ਹੈ। ਅਤੇ ਇਸ ਸਭ ਦਾ ਕੇਂਦਰ ਹੈ ਰੈਂਡੀ ਵਿਲੀਅਮਜ਼, ਜਿਸ ਨੂੰ ਸੁਲਤਾਨ ਆਫ ਸਲੋਜਮਾਸਤਾਨ÷ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਜਦੋਂ ਉਹ ਕੋਯੋਟ, ਇਗੁਆਨਾ ਅਤੇ ਲਗਭਗ 25,000 ਨਾਗਰਿਕਾਂ 'ਤੇ ਆਪਣਾ ਰਾਜ ਨਹੀਂ ਕਰ ਰਹੇ ਹੁੰਦੇ, ਜੋ ਇਸ ਰੇਗਿਸਤਾਨੀ ਤਾਨਾਸ਼ਾਹੀ ਨੂੰ ਆਪਣਾ ਘਰ ਮੰਨਦੇ ਹਨ ਤਾਂ ਉਹ ਸੈਨ ਡਿਏਗੋ ਦੇ ਰੇਡੀਓ ਸਟੇਸ਼ਨਾਂ Z। ਅਤੇ Magic 92.5 ਦੇ ਪ੍ਰੋਗਰਾਮ ਡਾਇਰੈਕਟਰ ਹੁੰਦੇ ਹਨ, ਜਿੱਥੇ ਉਹ ਆਰ ਡੱਬ ਦੇ ਨਾਮ ਨਾਲ ਮਸ਼ਹੂਰ ਹਨ। 1994 ਤੋਂ, ਉਹ ਸੰਡੇ ਨਾਈਟ ਸਲੋ ਜੈਮਸ ਨਾਮਕ ਰੇਡੀਓ ਪ੍ਰੋਗਰਾਮ ਕਰਦੇ ਹਨ, ਜੋ ਦੁਨੀਆ ਭਰ ਦੇ 250 ਤੋਂ ਵੱਧ ਸਟੇਸ਼ਨਾਂ 'ਤੇ ਪ੍ਰਸਾਰਿਤ ਹੁੰਦਾ ਹੈ। ਵਿਲੀਅਮਜ਼, ਜਿਨ੍ਹਾਂ ਨੂੰ ਟਰੈਵਲ ਕਰਨ ਦਾ ਜਨੂੰਨ ਹੈ, ਉਨ੍ਹਾਂ ਨੇ ਸੰਯੁਕਤ ਰਾਸ਼ਟਰ ਵੱਲੋਂ ਮਾਨਤਾ ਪ੍ਰਾਪਤ ਹਰ ਇੱਕ ਮੁਲਕ ਘੁੰਮਣ ਦਾ ਟੀਚਾ ਮਿੱਥਿਆ ਹੋਇਆ ਸੀ। 2020 ਤੱਕ ਸਿਰਫ਼ ਇੱਕ ਮੁਲਕ ਦੀ ਯਾਤਰਾ ਕਰਨੀ ਬਾਕੀ ਸੀ ਪਰ ਉਸ ਸਮੇਂ ਪੂਰੀ ਦੁਨੀਆ 'ਚ ਲੌਕਡਾਊਨ ਲੱਗ ਗਿਆ।

ਦੁਨੀਆ ਭਰ 'ਚ ਫੈਲੀ ਮਹਾਮਾਰੀ ਦੌਰਾਨ ਹੋਰਨਾਂ ਫਸੇ ਹੋਏ ਲੋਕਾਂ ਦੀ ਤਰ੍ਹਾਂ ਵਿਲੀਅਮਜ਼ ਵੀ ਬੇਚੈਨ ਸਨ। ਉਨ੍ਹਾਂ ਕੋਲ ਬਹੁਤ ਸਮਾਂ ਸੀ ਪਰ ਉਹ ਕਿਤੇ ਜਾ ਨਹੀਂ ਸਕਦੇ ਸਨ ਪਰ ਉਨ੍ਹਾਂ ਦਾ ਦਿਮਾਗ ਤੇਜ਼ੀ ਨਾਲ ਦੌੜ ਰਿਹਾ ਸੀ। ਉਦੋਂ ਉਨ੍ਹਾਂ ਦੇ ਦਿਮਾਗ 'ਚ ਖਿਆਲ ਆਇਆ, ÷ਜੇ ਮੈਂ ਕਿਸੇ ਹੋਰ ਮੁਲਕ ਨਹੀਂ ਜਾ ਸਕਦਾ ਤਾਂ ਕਿਉਂ ਨਾ ਇੱਕ ਨਵਾਂ ਮੁਲਕ ਬਣਾ ਲਵਾਂ।

**ਨਕਲੀ ਤਾਨਾਸ਼ਾਹ ਕਿਵੇਂ ਬਣਿਆ ਜਾਵੇ**

ਬਚਪਨ ਤੋਂ ਹੀ ਮੈਨੂੰ ਰਚਨਾਤਮਕ ਕੰਮ ਕਰਨ ਦਾ ਸ਼ੌਕ ਸੀ, ਚਾਹੇ ਉਹ ਲਿਖਣਾ ਹੋਵੇ, ਚਿੱਤਰ ਬਣਾਉਣਾ ਹੋਵੇ, ਫੋਟੋਗ੍ਰਾਫੀ ਕਰਨੀ ਹੋਵੇ ਜਾਂ ਸਕੂਲ ਦੇ ਪ੍ਰੋਜੈਕਟ ਬਣਾਉਣੇ ਹੋਣ। ਇਸ ਲਈ ਇਹ ਮੈਨੂੰ ਸਭ ਤੋਂ ਵਧੀਆ ਲੱਗਿਆ। ਸੁਲਤਾਨ ਨੇ ਮੈਨੂੰ ਆਪਣੇ ਦਫ਼ਤਰ (ਰੇਡੀਓ ਸਟੇਸ਼ਨ ਵਿੱਚ ਉਸਦਾ ਕੌਂਸੁਲੇਟ) ਵਿੱਚ ਦੱਸਿਆ, ਜਿੱਥੇ ਉਸ ਕੋਲ ਦੁਨੀਆ ਭਰ ਦੀਆਂ ਮੌਜੂਦਾ ਤਾਨਾਸ਼ਾਹੀਆਂ ਦੀ ਪ੍ਰਚਾਰ ਸਮੱਗਰੀ ਦਾ ਸੰਗ੍ਰਹਿ ਹੈ। ਮੈਂ ਆਪਣੀ ਸਾਰੀ ਰਚਨਾਤਮਕ ਊਰਜਾ ਇਸ 'ਤੇ ਕੇਂਦਰਿਤ ਕਰ ਸਕਦਾ ਸੀ। ਉਨ੍ਹਾਂ ਨੇ ਆਪਣੇ ਸਭ ਤੋਂ ਕਰੀਬੀ ਦੋਸਤ ਮਾਰਕ ਕੋਰੋਨਾ ਨੂੰ ਫੋਨ ਕੀਤਾ ਅਤੇ ਦੱਸਿਆ ਕਿ ਉਨ੍ਹਾਂ ਦੇ ਦਿਮਾਗ 'ਚ ਕੀ ਚੱਲ ਰਿਹਾ। ਕੋਰੋਨਾ ਹੱਸ ਪਏ। ਉਹ ਕਹਿੰਦੇ ਹਨ, ÷ਮੇਰੇ ਮਨ ਵਿੱਚ ਸਿਰਫ਼ 'ਫੈਮਿਲੀ ਗਾਏ' (ਇੱਕ ਵਿਅੰਗਾਤਮਕ ਐਨੀਮੇਟਿਡ ਸੀਰੀਜ਼) ਦਾ ਇੱਕ ਐਪੀਸੋਡ ਆਇਆ, ਜਿਸ ਵਿੱਚ ਪੀਟਰ (ਮੁੱਖ ਪਾਤਰ) ਆਪਣਾ ਦੇਸ਼ 'ਪੇਟੋਰੀਆ' ਬਣਾਉਂਦਾ ਹੈ। ÷ਮੈਂ ਅੱਖਾਂ ਘੁਮਾਈਆਂ ਅਤੇ ਕਿਹਾ, 'ਠੀਕ ਹੈ ਯਾਰ, ਇਹ ਦੇਸ਼ ਹੋਵੇਗਾ ਕਿੱਥੇ ? ਤੇਰੇ ਘਰ ਵਿੱਚ ?' ਪਰ ਵਿਲੀਅਮਜ਼ ਡਟੇ ਰਹੇ। ਉਨ੍ਹਾਂ ਨੇ ਇੱਕ ਰੀਅਲ ਐਸਟੇਟ ਵੈਬਸਾਈਟ 'ਤੇ ਆਪਣੀਆਂ ਲੋੜਾਂ ਦੇ ਮੁਤਾਬਕ ਜ਼ਮੀਨ ਲੱਭਣੀ ਸ਼ੁਰੂ ਕੀਤੀ। ਜ਼ਮੀਨ 2 ਹੈਕਟੇਅਰ ਤੋਂ ਵੱਧ ਹੋਣੀ ਚਾਹੀਦੀ ਸੀ ਜੋ ਪੱਕੀ ਸੜਕ ਨਾਲ ਜੁੜੀ ਹੋਵੇ ਅਤੇ ਸੈਨ ਡਿਏਗੋ ਸਥਿਤ ਉਸ ਦੇ ਘਰ ਤੋਂ ਉੱਥੇ ਤੱਕ ਆਸਾਨੀ ਨਾਲ ਪਹੁੰਚਿਆ ਜਾ ਸਕੇ। ਸਿਰਫ਼ ਇੱਕ ਪਲਾਟ ਨਜ਼ਰ ਆਇਆ ਜੋ ਝਾੜੀਆਂ ਅਤੇ ਚੱਟਾਨਾਂ ਨਾਲ ਭਰਿਆ ਇੱਕ ਅੱਧ-ਵਿਕਸਿਤ ਰੇਤੀਲਾ ਇਲਾਕਾ ਸੀ ਜਿਸ ਦੀ ਕੀਮਤ 19,500 ਅਮਰੀਕੀ ਡਾਲਰ ਸੀ। ਵਿਲੀਅਮਜ਼ ਨੇ ਕਿਹਾ, ਪਹਿਲੀ ਨਜ਼ਰ 'ਚ ਹੀ ਇਹ ਜ਼ਮੀਨ ਪਸੰਦ ਆ ਗਈ। ਜਿਸ ਤੋਂ ਬਾਅਦ 2021 'ਚ ਉਨ੍ਹਾਂ ਨੇ ਇਹ ਜ਼ਮੀਨ ਖਰੀਦ ਲਈ।

ਵਿਲੀਅਮਜ਼ ਨੇ ਆਪਣੇ ਦੋਸਤ ਕੋਰੋਨਾ ਨੂੰ ਕਿਹਾ ਕਿ ਉਹ ਇੱਕ ਅਜਿਹਾ ਫਰਨੀਚਰ ਲੈਕੇ ਆਵੇ ਜਿਹੋ ਜਿਹਾ ਰਾਸ਼ਟਰਪਤੀ ਇਸਤੇਮਾਲ ਕਰਦੇ ਹਨ ਅਤੇ ਇਸਨੂੰ ਖਰੀਦ ਕੇ ਦੱਖਣੀ ਕੈਲੀਫੋਰਨੀਆ ਭੇਜੇ। ਉਨ੍ਹਾਂ ਨੇ ਰੇਗਿਸਤਾਨ ਦੇ ਬਿਲਕੁੱਲ ਮੱਧ 'ਚ ਇਹ ਫਰਨੀਚਰ ਲਗਾਇਆ ਅਤੇ ਆਪਣੀ ਜ਼ਮੀਨ ਦੀ ਹੱਦਬੰਦੀ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵੱਲੋਂ ਕੈਲੀਫੋਰਨੀਆ ਸਟੇਟ ਹਾਈਵੇ 78 'ਤੇ ਬੋਰਡ ਲਗਾਏ ਗਏ, ਜਿਨ੍ਹਾਂ 'ਤੇ ਉਨ੍ਹਾਂ ਨੇ ਆਪਣੇ ਨਵੇਂ ਦੇਸ਼ ਦਾ ਨਾਮ ਲਿਖਿਆ: ÷ਰਿਪਬਲਿਕ ਆਫ਼ ਸਲੋਜਮਾਸਤਾਨ। ਸ਼ੁਰੂਆਤ 'ਚ ਵਿਲੀਅਮਜ਼ ਨੇ ਇਹ ਨਾਂਅ ਮਜ਼ਾਕ 'ਚ ਸੋਚਿਆ ਸੀ ਪਰ ਬਾਅਦ 'ਚ ਇਸਨੂੰ ਹੀ ਸਥਾਈ ਨਾਂਅ ਰੱਖ ਲਿਆ। ਹਾਲਾਂਕਿ ਅਧਿਕਾਰੀਆਂ ਨੂੰ ਇਸ ਬਾਰੇ ਪਤਾ ਲੱਗਣ 'ਚ ਜ਼ਿਆਦਾ ਸਮਾਂ ਨਹੀਂ ਲੱਗਿਆ। ਬੋਰਡ ਸੜਕ ਦੇ ਬਹੁਤ ਨੇੜੇ ਲਗਾਉਣ ਕਾਰਨ ਉਨ੍ਹਾਂ 'ਤੇ ਜੁਰਮਾਨਾ ਵੀ ਲਾਇਆ ਗਿਆ। ਵਿਲੀਅਮਜ਼ ਨੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਬੋਰਡਾਂ ਨੂੰ ਥੋੜ੍ਹਾ ਪਿੱਛੇ ਕਰ ਦਿੱਤਾ ਪਰ ਉਨ੍ਹਾਂ ਨੇ ਆਪਣੇ ਨਵੇਂ ਮਾਈਕ੍ਰੋਨੇਸ਼ਨ ਦਾ ਦਾਅਵਾ ਕਾਇਮ ਰੱਖਿਆ।

ਕੋਰੋਨਾ ਨੇ ਦੱਸਿਆ, ਲੋਕ ਇਹ ਵੇਖ ਕੇ ਹੈਰਾਨ ਸਨ ਕਿ ਆਖਿਰ ਇਹ ਹੋ ਕੀ ਰਿਹਾ ਹੈ। ਸ਼ਾਇਦ ਉਨ੍ਹਾਂ ਨੂੰ ਲੱਗਿਆ ਕਿ ਅਸੀਂ ਦਹਿਸ਼ਤਗਰਦ ਹਾਂ ਅਤੇ ਮੇਰੇ ਮੁਤਾਬਕ ਇਸ ਸੋਚ ਨੇ ਅੱਗ 'ਚ ਤੇਲ ਪਾਉਣ ਵਰਗਾ ਕੰਮ ਕੀਤਾ। ਸਾਡੇ ਵੱਲ ਲੋਕਾਂ ਦਾ ਹੋਰ ਧਿਆਨ ਖਿੱਚਿਆ ਗਿਆ। ਪਰ ਸੜਕਾਂ ਵਾਲੇ ਬੋਰਡ ਤਾਂ ਸਿਰਫ਼ ਸ਼ੁਰੂਆਤ ਸੀ। ਸਭ ਤੋਂ ਪਹਿਲਾਂ ਇੱਕ ਅਸਥਾਈ ਬਾਰਡਰ ਚੌਂਕੀ ਬਣੀ। ਫਿਰ ਝੰਡੇ ਅਤੇ ਪਾਸਪੋਰਟ ਬਣਾਏ ਗਏ। ਥੋੜ੍ਹੇ ਹੀ ਸਮੇਂ ਵਿੱਚ ਇਹ ਮਾਈਕ੍ਰੋਨੇਸ਼ਨ ਇੱਕ ਅਸਲੀ ਮੁਲਕ ਵਾਂਗ ਦਿਸਣ ਲੱਗ ਪਿਆ। ਵਿਲੀਅਮਜ਼ ਨੇ ਕਿਹਾ, ÷ਅਚਾਨਕ ਮੈਂ ਆਪਣੇ ਆਪ ਨੂੰ ਪੁਲਿਸ ਪੈਟਰੋਲ ਕਾਰ, ਸਿੱਕੇ ਅਤੇ ਇਮੀਗ੍ਰੇਸ਼ਨ ਬੂਥ ਖਰੀਦਦੇ ਹੋਏ ਪਾਇਆ।

ਵਿਲੀਅਮਜ਼ ਨੇ ਆਪਣੇ ਆਪ ਨੂੰ ਸੁਲਤਾਨ ਐਲਾਨਿਆ ਅਤੇ ਸੁਲਤਾਨ ਵਰਗੀ ਹੀ ਪੌਸ਼ਾਕ ਪਾਉਣ ਲੱਗਾ। ਕਾਲੇ ਚਸ਼ਮੇ, ਪ੍ਰੈਸ ਕੀਤੀ ਹੋਈ ਵਰਦੀ ਜਿਸ 'ਤੇ ਬਰੀਕੀ ਨਾਲ ਕੰਮ ਕੀਤਾ ਗਿਆ ਸੀ, ਵਿਲੀਅਮਜ਼ ਮੁਤਾਬਕ ਇਹ ਵਰਦੀ ਤਾਨਾਸ਼ਾਹ ਆਗੂ ਮੁਅਮਰ ਗੱਦਾਫੀ ਦੀ ਫੌਜੀ ਵਰਦੀ ਵਾਂਗ ਸੀ। ਇਸ ਭੂਮਿਕਾ ਲਈ, ਸੁਲਤਾਨ ਦੀ ਆਵਾਜ਼ ਵੀ ਬਦਲ ਜਾਂਦੀ ਹੈ, ਜਿਸਨੂੰ ਉਹ '175' ਕਹਿੰਦੇ ਹਨ- ਇੱਕ ਵਿਦੇਸ਼ੀ ਜਨਰਲ ਵਾਲਾ ਲਹਿਜ਼ਾ— ਜਿਸ ਵਿੱਚ ਸ਼ਬਦਾਂ ਦਾ ਉਚਾਰਨ ਵੀ ਵੱਖਰੇ ਅੰਦਾਜ਼ 'ਚ ਕੀਤਾ ਜਾਂਦਾ ਹੈ। ਪੰਜ ਸਾਲਾਂ ਬਾਅਦ, ਸਲੋਜਮਾਸਤਾਨ ਉਨ੍ਹਾਂ ਯਾਤਰੀਆਂ ਨੂੰ ਪਾਸਪੋਰਟ ਜਾਰੀ ਕਰਦਾ ਹੈ ਜੋ ਅਣਅਧਿਕਾਰਤ ਤੌਰ 'ਤੇ ਇਸ ਦੇ ਨਾਗਰਿਕ ਬਣਨਾ ਚਾਹੁੰਦੇ ਹਨ, ਆਪਣੀ ਕਰੰਸੀ ਜਾਰੀ ਕਰਦਾ ਅਤੇ ਝੰਡਾ ਲਹਿਰਾਉਣ ਵਾਲੇ ਸਮਾਗਮ ਕਰਵਾਉਂਦਾ ਹੈ। ਇਸ ਇਲਾਕੇ ਨੂੰ ਵੱਖ-ਵੱਖ ਰਾਜਾਂ ਵਿੱਚ ਵੰਡਿਆ ਗਿਆ ਹੈ, ਜਿਵੇਂ ਡਬਲੈਂਡੀਆ, ਬਕਸਿਲਵੇਨੀਆ ਅਤੇ ਕਿੰਗਡਮ ਆਫ਼ ਹੋਟਡੈਮਨਸਤਾਨ।

ਸੁਲਤਾਨ ਨੇ ਇੱਕ ਕੌਮੀ ਗੀਤ ਵੀ ਲਿਖਿਆ ਹੈ—ਸਲੋਜਮਾਸਤਾਨ - ਮੈਨੂੰ ਲੱਗਦਾ ਹੈ ਇਹ ਇੱਕ ਸ਼ਾਨਦਾਰ ਜਗਾ ਬਣੇਗੀ ਅਤੇ ਇਸਨੂੰ ਐਲਟਨ ਜੌਹਨ ਦੇ ਗੀਤ ਰੌਕੇਟ ਮੈਨ ਦੀ ਧੁਨ 'ਤੇ ਗਾਇਆ ਵੀ ਜਾਂਦਾ ਹੈ। ਜਿਹੜੇ ਲੋਕ ਇਸ ਰਿਸ਼ਤੇ ਨੂੰ ਹੋਰ ਅਧਿਕਾਰਤ ਬਣਾਉਣਾ ਚਾਹੁੰਦੇ ਹਨ ਉਨ੍ਹਾਂ ਲਈ ਅਹੁਦੇ ਵੀ ਉਪਲਬਧ ਹਨ।

ਵਿਲੀਅਮਜ਼ ਕਹਿੰਦੇ ਹਨ, ਮੰਨ ਲਓ ਤੁਸੀਂ ਉੱਤਰੀ ਕੈਰੋਲੀਨਾ ਵਿੱਚ ਰਹਿੰਦੇ ਹੋ ਅਤੇ ਆਪਣੀ ਲਿੰਕਡਇਨ ਪ੍ਰੋਫ਼ਾਈਲ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਚਾਹੁੰਦੇ ਹੋ। ਤੁਸੀਂ ਕੋਈ ਵੀ ਇੱਕ ਅਹੁਦਾ ਬਣਾ ਸਕਦੇ ਹੋ, ਥੋੜ੍ਹੀ ਫੀਸ ਭਰੋ ਅਤੇ ਲਓ ਜੀ! ਤੁਸੀਂ ਹੁਣ ਇੱਕ ਸੰਸਦ ਮੈਂਬਰ ਬਣ ਗਏ ਹੋ। ਹਾਲਾਂਕਿ ਇਸ ਤਾਨਾਸ਼ਾਹੀ ਮੁਲਕ 'ਚ ਅਹੁਦੇ ਲੈਣ ਲਈ ਪੈਸਾ ਦੇਣਾ ਪੈਂਦਾ ਹੈ, ਰਾਜਦੂਤ ਹਰ ਮਹੀਨੇ 10 ਤੋਂ 25 ਅਮਰੀਕੀ ਡਾਲਰ ਭਰਦੇ ਹਨ ਪਰ ਨਾਗਰਿਕਤਾ ਹਰ ਕਿਸੇ ਲਈ ਖੁੱਲ੍ਹੀ ਅਤੇ ਮੁਫ਼ਤ ਹੈ। ਇਸ ਵੇਲੇ ਇਸ ਮਾਈਕ੍ਰੋਨੇਸ਼ਨ ਦੇ 120 ਵੱਖ-ਵੱਖ ਦੇਸ਼ਾਂ ਤੋਂ 25,000 ਨਾਗਰਿਕ ਹਨ, ਜੋ ਮਾਨਤਾ ਪ੍ਰਾਪਤ ਮੁਲਕਾਂ ਤੋਂ ਵੀ ਵੱਧ ਹਨ ਜਿਵੇਂ ਵੈਟੀਕਨ ਸਿਟੀ, ਤੁਵਾਲੂ ਅਤੇ ਪਲਾਓ। ਜਦੋਂ ਕਿ ਕਈ ਲੋਕ ਸਲੋਜਮਾਸਤਾਨ ਨਾਲ ਸਿਰਫ਼ ਇਸਦੇ ਸੋਸ਼ਲ ਮੀਡੀਆ 'ਤੇ ਹਾਸ-ਰਸ ਨਾਲ ਭਰੇ ਸੁਨੇਹਿਆਂ ਰਾਹੀਂ ਜੁੜਦੇ ਹਨ ਪਰ ਇਹ ਕਮਿਊਨਿਟੀ ਅਸਲ ਵਿੱਚ ਵੀ ਇਕੱਠੀ ਵੀ ਹੁੰਦੀ ਹੈ। ਇੱਥੇ ਹੋਣ ਵਾਲੇ ਸਮਾਰੋਹ ਜਿਵੇਂ ਦੇਸ਼ ਦੇ ਪਹਿਲੇ ਸਮੁੰਦਰੀ ਜਹਾਜ਼ ਦੀ ਸ਼ੁਰੂਆਤ, ਇੱਕ ਪੁਰਾਣੀ ਪਨਡੁੱਬੀ ÷ਐਸਐਸ ਬੈਡਾਸਿਨ÷, ਜੋ ÷ਇਲਾਕੇ ਨੂੰ ਸਮੁੰਦਰੀ ਲੁੱਟਮਾਰ ਤੋਂ ਬਚਾਉਣ÷ ਲਈ ਬਣਾਈ ਗਈ ਹੈ, ਹਰ ਕਿਸੇ ਲਈ ਖੁੱਲ੍ਹੀਆਂ ਹਨ। ਹਾਲਾਂਕਿ ਲੋਕਾਂ ਲਈ ਇਹ ਤਜ਼ਰਬਾ ਹੋਰ ਅਸਲ ਬਣਾਉਣ ਲਈ ਸਥਾਈ ਨਾਗਰਿਕਤਾ ਦਾ ਵੀ ਪ੍ਰਬੰਧ ਹੈ ਜਿਸ ਵਾਸਤੇ ਇੱਕ ਆਸਾਨ ਆਨਲਾਈਨ ਅਰਜ਼ੀ ਭਰਨੀ ਹੁੰਦੀ ਹੈ।

**ਰੇਗਿਸਤਾਨ ਤੋਂ ਲੈਕੇ ਵਿਸ਼ਵ ਮੰਚ ਤੱਕ**

ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਦੁਨੀਆ ਵਿੱਚ ਸੈਂਕੜਿਆਂ ਦੀ ਗਿਣਤੀ 'ਚ ਮਾਈਕ੍ਰੋਨੇਸ਼ਨ ਹਨ। ਕੁਝ ਅੰਤਰਰਾਸ਼ਟਰੀ ਪਾਣੀਆਂ ਦੇ ਵਿਚਕਾਰ ਸਥਿ ਹਨ ਜਦਕਿ ਕੁਝ ਸ਼ਾਂਤ ਰਿਹਾਇਸ਼ੀ ਇਲਾਕਿਆਂ ਵਿੱਚ ਸਥਿਤ ਹਨ। ਅਗਲੇ ਸਾਲ, ਸਲੋਜਮਾਸਤਾਨ ਮਾਈਕ੍ਰੋਕੋਨ2027 (MicroCon2027) ਦੀ ਮੇਜ਼ਬਾਨੀ ਕਰੇਗਾ, ਜੋ ਮਾਈਕ੍ਰੋਨੇਸ਼ਨਾਂ ਦਾ ਇੱਕ ਵੱਡਾ ਇਕੱਠ ਹੈ। 43 ਤੋਂ ਵੱਧ ਖੁਦ-ਮੁਖਤਿਆਰ ਸੂਬਿਆਂ, ਬੰਬਾਰਡੀਅਰ ਰਿਪਬਲਿਕ ਤੋਂ ਲੈ ਕੇ ਡਰੈਗਨ ਆਇਲੈਂਡ ਤੱਕ, ਦੇ ਨੁਮਾਇੰਦੇ ਇੱਥੇ ਇਕੱਠੇ ਹੋਣਗੇ ਅਤੇ ਭੂ-ਰਾਜਨੀਤਿਕ ਖੁਦਮੁਖਤਿਆਰੀ ਤੋਂ ਲੈ ਕੇ ਰਾਸ਼ਟਰੀ ਚਿੰਨ੍ਹ ਬਣਾਉਣ ਵਰਗੇ ਮੁੱਦਿਆਂ 'ਤੇ ਚਰਚਾ ਕਰਨਗੇ।

ਜਿਵੇਂ ਕਿ ਇਸ ਸਮਾਗਮ ਦੀ ਵੈਬਸਾਈਟ 'ਤੇ ਦਰਸਾਇਆ ਗਿਆ ਹੈ: ਇਹ 'ਕੋਸਪਲੇ' ਅਤੇ ਸ਼ਾਸਨ ਦੀ ਕਲਾ ਦਾ ਮਿਲਾਪ ਹੈ। ਹਾਲਾਂਕਿ ਸੁਲਤਾਨ ਦਾ ਕਹਿਣਾ ਹੈ ਕਿ ਸਲੋਜਮਾਸਤਾਨ ਦੇ ਰੇਗਿਸਤਾਨੀ ਇਲਾਕੇ ਵਿੱਚ ਆਉਣ ਵਾਲਿਆਂ ਦਾ ਸਵਾਗਤ ਹੈ ਪਰ ਇਸ ਵੇਲੇ ਉੱਥੇ ਰਾਤ ਰਹਿਣ ਲਈ ਕੋਈ ਵੀ ਸਹੂਲਤ ਉਪਲਬਧ ਨਹੀਂ ਹੈ (ਹਾਲਾਂਕਿ ਇੱਕ ਰਨਵੇ 'ਤੇ ਜਹਾਜ਼ ਦਾ ਬੋਰਡ ਲੱਗਾ ਹੋਇਆ ਹੈ, ਜਿਸ 'ਤੇ ਵਿਲੀਅਮਜ਼ ਦੀ ਹੱਥ ਹਿਲਾਉਂਦੇ ਹੋਏ ਦੀ ਤਸਵੀਰ ਹੈ ਅਤੇ ਨਾਲ ਲਿਖਿਆ ਹੈ: ÷ਰੈਂਡੀ ਵਿਲੀਅਮਜ਼ ਇੰਟਰਨੈਸ਼ਨਲ ਏਅਰਪੋਰਟ ਜਲਦੀ ਆ ਰਿਹਾ ਹੈ÷)। ਇਸੇ ਕਾਰਨ, ਮਾਈਕ੍ਰੋਕੋਨ2027 ਸੈਨ ਡਿਏਗੋ ਦੇ ਇੱਕ ਗਗਨਚੁੰਬੀ ਇਮਾਰਤ ਦੀ ਸਿਖਰਲੀ ਮੰਜ਼ਿਲ 'ਤੇ ਕਰਵਾਇਆ ਜਾਵੇਗਾ। ਵਿਲੀਅਮਜ਼ ਲਈ, ਇਹ ਮਾਈਕ੍ਰੋਨੇਸ਼ਨ ਹਮੇਸ਼ਾ ਯਾਤਰਾ ਨਾਲ ਜੁੜਿਆ ਰਿਹਾ ਹੈ। ਉਸਨੇ ਉਜ਼ਬੇਕਿਸਤਾਨ ਦੇ ਇੱਕ ਨਾਗਰਿਕ ਵੱਲੋਂ ਆਇਆ ਹਾਲੀਆ ਸੰਦੇਸ਼ ਦਿਖਾਇਆ। ਉਨ੍ਹਾਂ ਨੇ ਕਿਹਾ, ÷ਮੈਂ ਉਸਨੂੰ ਕਿਹਾ, 'ਮੈਂ ਤੁਹਾਡੇ ਮੁਲਕ ਦਾ ਸਫ਼ਰ ਕੀਤਾ ਹੋਇਆ ਹੈ,' ਅਤੇ ਉਸਨੂੰ ਆਪਣੀ ਤਸਵੀਰ ਦਿਖਾਈ। ਇਸੇ ਤਰ੍ਹਾਂ ਮੈਂ ਲੋਕਾਂ ਨਾਲ ਤੁਰੰਤ ਜੁੜ ਜਾਂਦਾ ਹੈ।÷ ਉਹ ਉਮੀਦ ਕਰਦੇ ਹਨ ਕਿ ਸਲੋਜਮਾਸਤਾਨ ਵੀ ਇਸੇ ਭਾਵਨਾ 'ਤੇ ਅੱਗੇ ਵਧੇਗਾ—ਇੱਕ ਅਜਿਹੀ ਜਗ ?ਹਾ ਵਜੋਂ, ਜਿੱਥੇ ਆਪਣੇ ਅਜੀਬ ਸੁਭਾਅ ਦੇ ਬਾਵਜੂਦ ਦੁਨੀਆ ਭਰ ਦੇ ਲੋਕ ਇੱਥੇ ਇਕੱਠੇ ਹੋ ਸਕਣ ਅਤੇ ਆਖ਼ ?ਰਕਾਰ ਇਸਨੂੰ ਵੇਖਣ ਆ ਸਕਣ। ਮਈ 2023 ਵਿੱਚ, ਵਿਲੀਅਮਜ਼ ਆਖ਼ ?ਰਕਾਰ ਆਪਣੇ ਆਖ਼ਰੀ ਬਾਕੀ ਰਹਿ ਗਏ ਦੇਸ਼ ਤੁਰਕਮੇਨਿਸਤਾਨ ਦਾ ਦੌਰਾ ਕਰਨ ਵਿੱਚ ਸਫਲ ਰਹੇ, ਇਸ ਤਰ੍ਹਾਂ ਉਨ੍ਹਾਂ ਨੇ ਆਪਣਾ ਸਾਲਾਂ ਪੁਰਾਣਾ ਮਿਸ਼ਨ ਪੂਰਾ ਕੀਤਾ। ਉਸ ਸਮੇਂ ਤੱਕ, ਸਲੋਜਮਾਸਤਾਨ ਮਹਿਜ਼ ਖਾਲੀਪਨ ਨੂੰ ਪੂਰਾ ਕਰਨ ਵਾਲਾ ਇੱਕ ਵਿਕਲਪ ਨਹੀਂ ਸੀ ਰਹਿ ਗਿਆ, ਸਗੋਂ ਇੱਕ ਅਜਿਹਾ ਪ੍ਰੋਜੈਕਟ ਬਣ ਗਿਆ ਸੀ ਜੋ ਨਾਲ-ਨਾਲ ਵਿਕਸਤ ਹੋਇਆ ਜੋ ਲੋਕਾਂ ਨੂੰ ਵੱਖ-ਵੱਖ ਸਭਿਆਚਾਰਾਂ ਅਤੇ ਸਰਹੱਦਾਂ ਤੋਂ ਪਾਰ ਜੋੜਨ ਦਾ ਇੱਕ ਹੋਰ ਢੰਗ ਬਣਿਆ। ਉਨ੍ਹਾਂ ਨੇ ਕਿਹਾ, ÷ਸਲੋਜਮਾਸਤਾਨ ਸਿਰਫ਼ ਮੇਰਾ ਨਹੀਂ ਹੈ,÷ ਫਿਰ ਥੋੜ੍ਹਾ ਰੁਕ ਕੇ ਉਨ੍ਹਾਂ ਨੇ ਆਪਣੇ ਸ਼ਬਦ ਠੀਕ ਕੀਤੇ। ÷ਹਾਂ, ਮੈਂ ਡਿਕਟੇਟਰ ਹਾਂ, ਪਰ ਇਹ ਅਸਲ ਵਿੱਚ ਹਰ ਕਿਸੇ ਦਾ ਹੈ। ਹਰ ਵਿਅਕਤੀ ਲਈ ਇਸਦਾ ਮਤਲਬ ਵੱਖਰਾ ਹੈ।




## ਸਲੋਜਮਾਸਤਾਨ ਦਾ ਹਿੱਸਾ ਕਿਉਂ ਬਣਨਾ ਚਾਹੁੰਦੇ ਲੋਕ

ਸੁਲਤਾਨ ਦੇ ਮੁਤਾਬਕ, ਲੋਕ ਵੱਖ-ਵੱਖ ਕਾਰਨਾਂ ਕਰਕੇ ਸਲੋਜਮਾਸਤਾਨ ਦੇ ਨਾਗਰਿਕ ਬਣਦੇ ਹਨ। ਕੁਝ ਜਿਗਿਆਸਾ ਵਾਸਤੇ, ਕੁਝ ਮਨੋਰੰਜਨ ਲਈ ਅਤੇ ਕੁਝ ਸਿਰਫ਼ ਦੁਨੀਆ ਦੇ ਤਣਾਅ ਤੋਂ ਥੋੜ੍ਹਾ ਬਚਣ ਲਈ। ਸੁਲਤਾਨ ਕਹਿੰਦੇ ਹਨ, ਮੈਨੂੰ ਤੁਹਾਨੂੰ ਯਾਦ ਦਿਵਾਉਣ ਦੀ ਲੋੜ ਨਹੀਂ ਕਿ ਦੁਨੀਆ ਕਿੰਨੀ ਵੰਡੀ ਹੋਈ ਹੈ। ਹਰ ਵਾਰ ਤੁਸੀਂ ਫੇਸਬੁੱਕ ਖੋਲ੍ਹਦੇ ਹੋ, ਲੋਕ ਰਾਜਨੀਤਿਕ ਮਸਲਿਆਂ ਕਰਕੇ ਦੋਸਤਾਂ ਅਤੇ ਪਰਿਵਾਰਾਂ ਨੂੰ ਗਵਾ ਰਹੇ ਹਨ। ਹਾਲਤ ਬਹੁਤ ਖਰਾਬ ਹੋ ਚੁੱਕੀ ਹੈ। ਸਲੋਜਮਾਸਤਾਨ ਇਸ ਸਭ ਤੋਂ ਬਚਣ ਦਾ ਇਕ ਰਾਹ ਦਿੰਦਾ ਹੈ। ਸਾਡੀਆਂ ਨੀਤੀਆਂ ਨੂੰ ਛੱਡ ਕੇ ਅਸੀਂ ਸਿਆਸਤ ਨਾਲ ਜੁੜੀਆਂ ਬਾਕੀ ਚਰਚਾਵਾਂ 'ਤੇ ਪਾਬੰਦੀ ਲਗਾਈ ਹੋਈ ਹੈ। ਇੱਕ ਅਜਿਹੇ ਸਮੇਂ 'ਚ, ਜਦੋਂ ਵੱਡੀ ਗਿਣਤੀ ਵਿੱਚ ਅਮਰੀਕੀ ਆਪਣੇ ਦੇਸ਼ ਦੀ ਰਾਜਨੀਤੀ ਤੋਂ ਨਿਰਾਸ਼ ਹੋ ਰਹੇ ਹਨ ਅਤੇ ਹੋਰ ਪਾਸਪੋਰਟ ਹਾਸਲ ਕਰਨ ਦੇ ਵਿਕਲਪ ਲੱਭ ਰਹੇ ਹਨ, ਵਿਲੀਅਮਜ਼ ਦੱਸਦੇ ਹਨ ਕਿ ਸਲੋਜਮਾਸਤਾਨ ਦੇ ਲਗਭਗ 50% ਲੋਕ ਅਮਰੀਕੀ ਨਾਗਰਿਕ ਹੀ ਹਨ। ਸੁਲਤਾਨ ਨੇ ਦੇਸ਼ ਦੇ ਵਾਧੇ ਨੂੰ ਰਾਜਨੀਤਿਕ ਨਹੀਂ, ਸਗੋਂ ਵਿਸ਼ਵ ਪੱਧਰ 'ਤੇ ਦੇਖਿਆ। ਉਨ੍ਹਾਂ ਨੇ ਕਿਹਾ ਕਿ ਬੰਗਲਾਦੇਸ਼ ਤੋਂ ਆਈਆਂ ਹਾਲੀਆ ਅਰਜ਼ੀਆਂ ਵਿੱਚ ਵਾਧਾ ਇਸ ਗੱਲ ਦਾ ਸਬੂਤ ਹੈ ਕਿ ਸਲੋਜਮਾਸਤਾਨ ਪ੍ਰਤੀ ਖਿੱਚ ÷ਕੋਈ ਸਰਹੱਦ ਨਹੀਂ ਜਾਣਦੀ।

ਸਟੈਫਨੀ ਹੈਂਡਨ ਨੇ ਪਹਿਲੀ ਵਾਰ ਸਲੋਜਮਾਸਤਾਨ ਬਾਰੇ ਉਸ ਵੇਲੇ ਸੁਣਿਆ ਜਦੋਂ ਟੀਵੀ ਗੇਮ ਸ਼ੋਅ 'ਜੈਪਰਡੀ' ਵਿੱਚ ਇੱਕ ਪ੍ਰਤੀਯੋਗੀ ਨੇ ਇਸਦਾ ਜ਼ਿਕਰ ਕੀਤਾ। ਫਿਰ ਉਹ 'ਦਿ ਲੌਂਗ ਬੀਚ ਟਰੈਵਲ ਐਂਡ ਐਡਵੇਂਚਰ ਸ਼ੋਅ' ਵਿੱਚ ਵਿਲੀਅਮਜ਼ ਨੂੰ ਮਿਲਣ ਗਈ। ਹੈਂਡਨ, ਜੋ ਹੁਣ ਇੱਕ ਨਾਗਰਿਕ ਹਨ, ਕਹਿੰਦੇ ਹਨ, ਮੈਂ ਸਿਰਫ਼ ਸੁਲਤਾਨ ਦਾ ਧੰਨਵਾਦ ਕਰਨਾ ਚਾਹੁੰਦੀ ਸੀ, ਜਿਸਨੇ ਮੇਰੀ ਜ਼ਿੰਦਗੀ 'ਚ ਖੁਸ਼ੀ ਲਿਆਂਦੀ ਹੈ। ਉਨ੍ਹਾਂ ਲਈ, ਇਹ ਖੁਸ਼ੀ ਸਲੋਜਮਾਸਤਾਨ ਦੇ ਸੋਸ਼ਲ ਮੀਡੀਆ 'ਤੇ ਆਉਣ ਵਾਲੇ ਸੁਨੇਹਿਆਂ ਨਾਲ ਜੁੜੀ ਹੈ, ਜੋ ਦੇਸ਼ ਦੇ ਅਜੀਬ ਕਾਨੂੰਨਾਂ ਬਾਰੇ ਮਜ਼ਾਕੀਆ ਢੰਗ ਨਾਲ ਯਾਦ ਕਰਵਾਉਣ ਤੋਂ ਲੈ ਕੇ ਨਵੇਂ ਨਾਗਰਿਕਾਂ ਵੱਲੋਂ ਆਪਣੇ ਪਾਸਪੋਰਟ ਦਿਖਾਉਣ ਤੱਕ ਨਾਲ ਜੁੜੇ ਹੁੰਦੇ ਹਨ। ਉਹ ਕਹਿੰਦੇ ਹਨ, ਇਸ ਨਾਲ ਜੁੜੀ ਹਰ ਚੀਜ਼ ਮੈਨੂੰ ਖੁਸ਼ ਕਰਦੀ ਹੈ ਅਤੇ ਮੇਰੇ ਖ਼ ?ਆਲ 'ਚ ਹਜ਼ਾਰਾਂ ਸਲੋਜਮਾਸਤਾਨ ਦੇ ਨਾਗਰਿਕ ਵੀ ਇਹੀ ਕਹਿਣਗੇ। ਇਹ ਸਾਡੇ ਲਈ (ਅਮਰੀਕਾ ਵਿੱਚ) ਬਹੁਤ ਮੁਸ਼ਕਿਲ ਸਮਾਂ ਹੈ ਪਰ ਇੱਥੇ ਖੁਸ਼ ਹੋਣ ਲਈ ਕੁਝ ਤਾਂ ਹੈ।

# ਪੰਜਾਬ ਵਿਧਾਨ ਸਭਾ ’ਚ ਬੇਅਦਬੀ ਲਈ ਉਮਰ ਕੈਦ ਵਾਲਾ ਸੋਧ ਮਨਜ਼ੂਰ ਹੋ ਸਕੇਗਾ, ਕੀ ਸਖ਼ਤ ਸਜ਼ਾ ਨਾਲ ਬੇਅਦਬੀ ਦੇ ਕੇਸਾਂ ’ਚ ਆਵੇਗੀ ਕਮੀ

ਪੰਜਾਬ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਸੋਮਵਾਰ ਨੂੰ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026 ਪੇਸ਼ ਕੀਤਾ ਜਿਸ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਪੰਜਾਬ ਸਰਕਾਰ ਵੱਲੋਂ ਇਸ ਬਿੱਲ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਲਈ ਦੋਸ਼ੀਆਂ ਨੂੰ ਉਮਰ ਕੈਦ ਤੱਕ ਦੀਆਂ ਸਜ਼ਾਵਾਂ ਅਤੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਤਜਵੀਜ਼ ਰੱਖੀ ਗਈ ਹੈ। ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008, ਜੂਨ 2008 ਵਿੱਚ ਲਿਆਂਦਾ ਗਿਆ ਸੀ। ਇਸ ਦਾ ਮਕਸਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ, ਪਬਲਿਸ਼ਿੰਗ ਅਤੇ ਸਾਂਭਣ ਵਿੱਚ ਨਿੱਜੀ ਲੋਕਾਂ ਵੱਲੋਂ ਕੀਤੀਆਂ ਜਾ ਰਹੀਆਂ ਗਲਤੀਆਂ ਨੂੰ ਰੋਕਣਾ ਸੀ। ਸਦਨ ਵਿੱਚ ਬੋਲਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦਾ ਪੂਰਾ ਰਿਕਾਰਡ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਰਹੇਗਾ, ਇਸ ਵਾਰ ਕਸਟੋਡੀਅਨ (ਕੋਈ ਵੀ ਵਿਅਕਤੀ, ਸੰਸਥਾ ਜਾਂ ਗੁਰਦੁਆਰਾ ਕਮੇਟੀ, ਜਿਸਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਅਧਿਕਾਰਕ ਤੌਰ ’ਤੇ ਪ੍ਰਦਾਨ ਕੀਤਾ ਗਿਆ ਹੋਵੇ) ਦੀ ਪਰਿਭਾਸ਼ਾ ਦਿੱਤੀ ਗਈ ਹੈ ਅਤੇ ਮਾਨਸਿਕ ਰੋਗੀ ਦੀ ਪਰਿਭਾਸ਼ਾ ਵੀ ਸ਼ਾਮਲ ਕੀਤੀ ਗਈ ਹੈ ਤਾਂ ਜੋ ਬੇਅਦਬੀ ਕਰਨ ਵਾਲੇ ਦੇ ਮਾਪਿਆਂ ਜਾਂ ਗਾਰਜੀਅਨ (ਦੇਖ ਭਾਲ ਕਰਨ ਵਾਲੇ) ’ਤੇ ਵੀ ਐਕਸ਼ਨ ਹੋ ਸਕੇ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਕਿਹਾ, ÷ਉਮਰ ਕੈਦ ਦਾ ਅਰਥ ਮੌਤ ਤੱਕ ਜੇਲ੍ਹ ਦੀ ਸਜ਼ਾ ਹੋਵੇਗੀ। ਹਾਲਾਂਕਿ, ਵਿਰੋਧੀ ਧਿਰਾਂ ਵੱਲੋਂ ਇਸ ਬਿਲ ’ਤੇ ਸਹਿਮਤੀ ਦਿੱਤੀ ਗਈ ਪਰ ਇਹ ਵੀ ਸ਼ੰਕਾ ਪ੍ਰਗਟ ਕੀਤੀ ਗਈ ਕਿ ਪੁਰਾਣੇ ਬਿੱਲਾਂ ਵਾਂਗ ਇਹ ਬਿੱਲ ਵੀ ਕਿਤੇ ਰਾਜਪਾਲ ਕੋਲ ਹੀ ਨਾ ਪਿਆ ਰਹੇ ਅਤੇ ਇਸ ਦੀ ਦੁਰਵਰਤੋਂ ਹੋਣ ਦੇ ਖਦਸ਼ੇ ਵੀ ਜਤਾਏ ਗਏ। ਪਰ ਕੀ ਇਸ ਸੋਧ ਬਿੱਲ ਨੂੰ ਰਾਜਪਾਲ ਤੋਂ ਹੀ ਮਨਜ਼ੂਰੀ ਮਿਲ ਜਾਵੇਗੀ, ਜਾਂ ਜੋ ਸਜ਼ਾ ਵਧਾਈ ਗਈ ਹੈ, ਉਸ ਨੂੰ ਕੇਂਦਰ ਦੀ ਮਨਜ਼ੂਰੀ ਦੀ ਲੋੜ ਪਵੇਗੀ ਅਤੇ ਕੀ ਇਸ ਨਾਲ ਬੇਅਦਬੀ ਦੇ ਕੇਸ ਘੱਟ ਸਕਦੇ ਹਨ? ਇਸ ਦੇ ਨਾਲ ਹੀ ਸਵਾਲ ਇਹ ਹੈ ਕਿ ਕੀ ਸਾਲ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੀ ਬੇਅਦਬੀ ਦੇ ਮੁੱਦੇ ’ਤੇ ਸਿਆਸਤ ਗਰਮਾ ਗਈ ਹੈ ਕਿਉਂਕਿ ਵਿਧਾਨ ਸਭਾ ਦੇ ਸੈਸ਼ਨ ਵਿੱਚ ਮੁੱਖ ਮੰਤਰੀ ਅਤੇ ਸਰਕਾਰ ਦੇ ਮੰਤਰੀਆਂ ਵੱਲੋਂ ਸ਼ ?ਰੋਮਣੀ ਅਕਾਲੀ ਦਲ ਅਤੇ ਕਾਂਗਰਸ ਉੱਪਰ ਨਿਸ਼ਾਨੇ ਸਾਧੇ ਗਏ। ਹਾਲਾਂਕਿ ਅਕਾਲੀ ਦਲ ਦੇ ਵਿਧਾਇਕ ਗੈਰ-ਹਾਜ਼ਰ ਸਨ ਜਿਸ ਦਾ ਮੁੱਖ ਮੰਤਰੀ ਵੱਲੋਂ ਜ਼ਿਕਰ ਵੀ ਕੀਤਾ ਗਿਆ।



**ਕੀ ਬੇਅਦਬੀ ਦੇ ਮੁੱਦੇ ’ਤੇ ਸਿਆਸਤ ਤੇਜ਼ ਹੋ ਰਹੀ ਹੈ?**

ਵਿਧਾਨ ਸਭਾ ਦੇ ਸੈਸ਼ਨ ਦੌਰਾਨ ਜਿੱਥੇ ਕਾਂਗਰਸ, ’ਆਪ’ ਤੇ ਬੀਐੱਸਪੀ ਵੱਲੋਂ ਬੇਅਦਬੀ ਦੇ ਦੋਸ਼ੀਆਂ ਨੂੰ ਇੱਕ ਜੁੱਟ ਹੋ ਕੇ ਸਜ਼ਾ ਦੇਣ ਦੀ ਮੰਗ ਕੀਤੀ ਗਈ, ਉੱਥੇ ਹੀ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ ਨੇ ਪਿਛਲੇ ਸਮਿਆਂ ਵਿੱਚ ਸਖ਼ਤ ਕਾਨੂੰਨ ਨਾ ਬਣਾਉਣ ਨੂੰ ਲੈ ਕੇ ਇੱਕ ਦੂਜੇ ਨੂੰ ਘੇਰਣ ਦੀ ਕੋਸ਼ਿਸ਼ ਵੀ ਕੀਤੀ।

This design reflects a clear insight: fraternity cannot be legislated directly. It must be cultivated through conditions that enable individuals to relate to one another as equals. The Constitution therefore operates indirectly-by removing barriers, reducing distance and fostering shared spaces. In doing so, it carries forward Ambedkarís central idea into institutional form. The Right to Equality is central to this design. By prohibiting discrimination and ensuring equal access to opportunities, it seeks to dismantle the formal hierarchies that structure social life. These provisions do more than secure individual rights; they alter the terms on which individuals relate to one another. As divisions of caste, religion and status are reduced, the basis for mutual recognition expands. Equality does not by itself produce fraternity, but it is its necessary starting condition. Without equality, fraternity cannot take root; with it, the ground is prepared for its growth. The Directive Principles, particularly Article 39 of the Indian Constitution, seek to address economic inequality, which is another impediment to fraternity. These provisions are often understood in terms of welfare or economic justice. Yet, they also serve a broader constitutional purpose. A society marked by stark material inequality cannot sustain a shared sense of community. By reducing such disparities, the Constitution attempts to create the material conditions necessary for social harmony.

Fraternity is ultimately shaped through lived experience. It emerges not from abstract commitment, but from sustained interaction across social boundaries. The right to education under Article 21A of the Constitution, read with the inclusionary mandate of Section 12(1)(c) of the Right to Education Act, reflects this understanding.

By requiring private schools to admit children from disadvantaged backgrounds, this framework creates shared spaces where individuals from different social and economic contexts can interact from an early age. Such interaction has the potential to weaken inherited divisions and foster a sense of common belonging. This remains one of the few institutional mechanisms that directly advances the constitutional project of fraternity. Strengthening such provisions is therefore not only a matter of educational policy, but a step towards realising Ambedkarís vision of a just society. The Constitutionís commitment to secularism reinforces this design. It goes beyond State neutrality and relies on mutual respect across religious differences. Likewise, reducing inequality requires a shared sense of community. In both cases, law can create frameworks, but their success depends on fraternity. Taken together, these elements reveal a coherent constitutional logic. Different provisions address different forms of division-legal, economic and social-but converge in promoting the conditions necessary for a democratic society.

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350 | Website: www.preetnama.com Email preetnamausa@gmail.com | 17 APRIL TO 23 APRIL, 2026


# VISUALIZATION OF GOALS AND THE ACTIONS NEEDED FOR SUCCESS

In todayís fast paced world, success is rarely accidental. It is usually the result of clear thinking, focused effort and consistent action. One of the most powerful tools for achieving success is goal visualization i.e the ability to mentally see what you want to achieve and align your actions accordingly. When combined with a practical strategy and awareness of obstacles, visualization becomes a guiding force toward meaningful achievement.

**WHAT IS GOALS VISUALIZATION?**

Goal visualization is the process of creating a clear mental image of your desired outcome. It is not just daydreamingóit involves seeing the goal as already achieved, feeling the emotions associated with success, understanding the steps required to get there. This process helps your mind focus, increases motivation and builds confidence.

**HOW TO VISUALISE REALISTIC BUT MEANINGFUL GOALS?**

A goal should inspire you, but it must also be achievable. Striking this balance is essential.

a) Be Clear and Specific

Instead of saying I want to be successful, define what success means: A specific job,a level of income, a personal achievement.

b) Make it Realistic

Ask yourself: Do I have the resources or can I develop them? Is the timeline practical?

Unrealistic goals lead to frustration, while realistic ones build momentum.

c) Connect Emotionally

Your goal should matter to you. When you visualize: Feel the happiness of achieving it and imagine the impact on your life. It should also be taken into account that emotion strengthens commitment.

d) Use Daily Visualization

Spend 5ñ10 minutes daily:Close your eyes and picture your goal in detail.

See yourself taking actions, not just enjoying results

**DEVELOPING A STRATEGY FOR ACHIEVING GOALS**

Visualization alone is not enough. You need a clear plan.

a) Break Goals into Steps

Large goals can feel overwhelming. Divide them into: Short-term goals (daily/weekly tasks), Medium-term milestones, Long-term outcomes.

b) Create an Action Plan

For each step, define what needs to be done, when it will be done and last but not the least how it will be done.




c) Prioritize Tasks

Focus on what matters most and then identify high-impact actions, avoid wasting time on low-value activities.

d) Track Progress

Regularly review on what is working, what needs adjustment and progress tracking keeps you accountable.

**COMMON HINDRANCES ON THE PATH TO SUCCESS**

Every journey faces obstacles. Recognizing them early helps you overcome them.

a) Lack of Clarity

Unclear goals lead to confusion and wasted effort.

b) Fear and Self-Doubt

Thoughts like I canít do this or What if I fail? can stop progress.

c) Procrastination

Delaying tasks reduces momentum and increases stress.

d) Distractions

Social media, unnecessary activities, or negative influences can derail focus.

e) Lack of Discipline

Without consistency, even the best plans fail.

**HOW TO REMOVE HINDRANCES?**

a) Strengthen Mindset

Replace negative thoughts with constructive ones and focus on solutions instead of problems.

b) Build Discipline

Create a daily routine and stick to it, even when motivation is low.

c) Eliminate Distractions

Limit time on unproductive activities and create a focused work environment.

d) Take Small Actions Daily

Consistency is more powerful than occasional effort and even small steps lead to big results over time.

e) Learn and Adapt

Accept mistakes as learning opportunities and adjust your strategy when needed.

**THE CONNECTION BETWEEN VISUALIZATION AND ACTION**

Visualization prepares the mind, but action creates reality. The most successful people combine both:

They see their goals clearly and then they act consistently toward them. They adapt accordingly when challenges arise.

Success is not just about dreamingóit is about seeing clearly, planning wisely and acting consistently. Visualization gives direction, strategy provides structure and disciplined action drives results.

When you learn to:

Visualize meaningful goals

Break them into achievable steps

Overcome obstacles with determination

óyou create a powerful system for achieving success in any area of life.


**SURINDERPAL SINGH**
**FACULTY IN SCIENCE DEPARTMENT**
**SRI AMRITSAR SAHIB**
**PUNJAB.**


# When history returns in the same tone

Our holiday in Poland was filled with laughter and companionship. Yet, interspersed were moments that were far more sombre.

We walked through the Jewish quarters and the remnants of the ghettos in Warsaw. These were not just places on an itinerary; they were spaces that demanded silence, reflection. At the start of a walking tour in Warsaw, our guide made a statement. The events, she said, could not possibly be condensed into two and a half hours. It was easy to reduce history to simple binaries-to label all Germans as perpetrators, or to question why Polish citizens did not stand up for their Jewish neighbours.

Then she asked us to pause and imagine a world where offering shelter to a persecuted individual could invite death-not only for oneself, but for oneís entire family. Imagine the weight of that choice, and in that moment history moved away from abstraction and became something far more human, and far more complex. At the end of the walk, she left us with another thought that was even more unsettling. If one were to read the speeches of Hitler and his followers, and then listen to certain global leaders and their supporters today, one might find an uncomfortable familiarity in that language. It is not identical, but it echoes, and that echo is both uncanny and deeply disturbing. The visit to Auschwitz-Birkenau from Krakow was heavier still, and there are no words that can fully capture what one feels walking through those grounds. The scale of suffering defies comprehension-men, women, children, no distinction, no mercy. The structures remain, but what lingers is not just history; it is the evidence of what human beings are capable of doing to one another.

Our young guide spoke with a voice that often faltered under the weight of what she was recounting. At one point, she said something that cut through all detail and stayed as a simple, stark truth: that much of what happened there was rooted in hatred-of one race against another. And then came the question, unspoken but unavoidable: if we cannot find it within ourselves to let go of our prejudices, then who are we? It is perhaps this question that travels with us long after such visits end, especially when one reflects that these events unfolded less than a century ago. Not in some distant, unrecognisable past, but within a timeline that still touches our present. One would have hoped that such history would have firmly anchored us in a commitment to a more humane future, that it would have sharpened our ability to recognise the early signs of division and hatred. And yet, as one listens more closely to the world around us, there are moments when the language begins to sound familiar again.

Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350 | Website: www.preetnama.com Email preetnamausa@gmail.com | 17 APRIL TO 23 APRIL, 2026


# The passing of India's Queen of Melody, Asha Bhosle (1933ñ 2026)-the end of an era, the beginning of an immortal legacy.

## Following Asha Bhosle's passing, tributes poured in on social media from singers across music, cinema, cricket, and politics -the entire nation was plunged into mourning.

Gondia - April 12, 2026, marked a day of deep sorrow and historic loss for the global Indian music scene, as the unparalleled sonic magician, Asha Bhosle, departed at the age of 92. It has been reported that Asha Bhosle's funeral will take place at 4 pm on April 13th at Shivaji Park. Those wishing to pay their last respects can visit her home at 11 am. Following Asha Bhosle's passing, people from music, cinema, cricket, and even politicians are paying tribute to the singer on social media. Condolences are pouring in. Asha Tai, who breathed her last at Breach Candy Hospital in Mumbai, was not just a singer but a living symbol of Indian cultural heritage. Her magnanimous rise to new heights in a career spanning over seven decades makes her an immortal figure not only in India but also in the global music world. The news of her passing deeply mourned not only music lovers but also the political, cultural, and international communities. India's President Vice President, Prime Minister Narendra Modi, Amit Shah, the Governor and Chief Minister of Maharashtra, and numerous leaders and artists paid tribute to her, calling her contributions unforgettable.

I,Advocate Kishan Sanmukhdas Bhawnani,Gondia, Maharashtra would like to share that Asha Bhosle was born on September 8, 1933, into a family that breathed music. Her elder sister, Lata Mangeshkar, was already an established name in the music world, and this environment sowed the seeds of music within Asha. In 1943, at the age of 10, she began her singing career, which later blossomed into a landmark journey. Despite initial struggles, she gradually carved a niche for herself in Bollywood and the Indian music industry, thanks to her unique voice and versatility. The magic she unleashed in the 1950s made her a shining star in the music scene.

Friends, if we consider the early stages of her career, it was full of struggles. She carved a niche for herself by singing in small-budget films and gradually attracted the attention of prominent directors and composers. She had the opportunity to work with legends like Bimal Roy and Raj Kapoor. Her collaboration with composer O. P. Nayyar produced several superhit songs, but the 1957 film Naya Daur proved to be the turning point in her career. This film brought her mainstream success and she became one of the leading singers of Indian film music. Asha Bhosle's greatest strength was her versatility. She not only sang traditional film songs but also demonstrated her remarkable command over every genre, including ghazals, pop, devotional, classical, and folk music. The ghazals she sang in the 1981 film Umrao Jaanó"Dil Cheez Kya Hai," "In Aankhon Ki Masti Ke," and "Yeh Kya Jagah Hai Doston"óstill resonate with music lovers. These songs earned her a National Award and proved that she was not just a playback singer but a complete artist.

Friends, if we talk about Asha Bhosle's achievements, her achievements were not limited to India. Asha Bhosle sang songs in more than 20 languages ??during her career, earning her a place in the Genius Book of World Records. She brought Indian music to the global stage. Her songs, which combined the essence of Indianness with a touch of modernity, endeared her to every generation. Her career wasn't limited to singing. In 2013, she entered the world of acting with the film "Maai," and her performance garnered critical acclaim. In 2020, she launched her own YouTube channel, keeping pace with the digital age, demonstrating her ability to adapt to the times. Her continued performance on stage even at the age of 90 demonstrates her energy and dedication to music. Her 2025 concert in Dubai was living proof that age was just a number for her.

Friends, if we consider Asha Bhosle's musical journey, it's not just a story of achievements but also an inspiration. She maintained her relevance throughout every era. Even in the 1990s and 2000s, she lent her voice to films like Rangeela, Lagaan, and Pyaar Tune Kya Kiya, proving her ability to resonate with every generation. Working with modern composers like A.R. Rahman, she gave her music a new direction.Her passing sparked an outpouring of grief across the country and the world. Maharashtra Chief Minister Devendra Fadnavis described her as the most versatile artist, saying her passing marked not just the end of an artist but the end of an era. Union Minister Nitin Gadkari, recalling his personal relationship with her, said Asha Tai's dedication to music was unparalleled. Tejaswi Yadav also described it as an irreparable loss to the music world.

Friends, if we are to learn from Asha Bhosle's life, it teaches us that immortality can be achieved in any field through talent, hard work, and dedication. She not only lived music but made it a part of her being. Each of her songs tells a story, each note expresses an emotion, and each tune becomes a memory. Today, even though she is no longer with us, her voice will always resonate, on radio, in films, on stage, and in every heart that has ever felt her songs. Her passing may be a physical end, but her music is immortal. Future generations will draw inspiration from her songs and look up to her as a role model. Asha Bhosle was not just a name, she was an eraóan era that brought global recognition to Indian music. Her passing has left a void that is impossible to fill. But her songs, her voice, and her legacy will live on forever, reminding us that a true artist never dies; they live on forever through their art.

Friends, if we consider the tributes paid by many leaders, including the President, Vice President, and Prime Minister, on the passing of Asha Bhosle, President of India Draupadi Murmu expressed her profound condolences on the passing of legendary singer Asha Bhosle, calling it an irreparable loss to the world of music. She said that Asha's melodious and evergreen voice enriched Indian music for decades, and her passing has left a huge void in the music world. Vice President of India Shri C.P. Radhakrishnan expressed his deep condolences on the passing of renowned singer Asha Bhosle. "I am deeply saddened to hear the news of the passing of the legendary singer Asha Bhosle. My heartfelt condolences to her family, fans, and music lovers. Asha's versatile voice allowed her to sing with ease in various genres. With this, she mastered soulful ghazals and traditional bhajans, leaving an indelible mark on Indian music. Her inimitable voice and musical legacy will continue to resonate in the hearts of millions and inspire generations to come." Om Shanti. Prime Minister Shri Narendra Modi today expressed deep condolences on the passing away of Asha Bhosle ji, describing her as one of India's most revered and versatile voices. He said that her extraordinary musical journey spanning decades enriched the country's cultural heritage and touched countless hearts across the world. Be it her soulful melodies or vibrant compositions, her voice had an eternal sparkle, and added that he would always cherish his encounters with her. He expressed his deepest condolences to her family, fans, and music lovers. Shri Modi said that she will continue to inspire generations and her songs will forever resonate in people's livesThe PM wrote on Twitter: "I am deeply saddened by the passing away of Asha Bhosle ji, one of India's most revered and versatile voices. Her extraordinary musical journey spanning decades enriched our cultural heritage and touched countless hearts across the world. Be it her soulful melodies or vibrant compositions, her voice had an eternal sparkle." I will always cherish my meetings with her.My deepest condolences to her family, fans, and music lovers. She will continue to inspire generations, and her songs will forever resonate in people's lives." India's Home Minister, Amit Shah, said, "Today is a sad day for every Indian, and especially for music lovers like me, that our beloved Asha Bhosle is no longer with us. Asha Tai not only created a distinct identity with her melodious voice and unparalleled talent, but also enriched Indian music with her melodies. Her unique ability to adapt to every genre of music won everyone's heart. Touching millions of hearts with her voice, Asha ji left an indelible mark on many languages, including Hindi, Marathi, Bengali, Tamil, and Gujarati, as well as on folk songs. As soft as the softness in Asha Tai's voice was, her demeanor was also as simple and cordial. Whenever I met her, we would have long conversations on a variety of topics, including music and art. Though she is no longer with us, her voice will forever remain in our hearts. May God grant Asha Ji a place in His feet. I express my deepest condolences to her family and countless fans. Om Shanti Shanti Shanti! West Bengal Chief Minister Mamata Banerjee also mourned the passing of Asha Bhosle. She said that Asha Bhosle was a singer who, with her voice, captivated the hearts of generations. According to her, she was not just an artist but also an inspirational figure from whom new generations will continue to learn. Uttar Pradesh Chief Minister Yogi Adityanath said, The passing of Padma Bhushan Asha Bhosle, the empress of Indian music, a great melody artist, is a profoundly sad and irreparable loss to the world of art. Her unparalleled singing catapulted Indian music to new heights. Her melodious voice will forever resonate in the hearts of the nation. I pray to Lord Shri Ram to grant salvation to the departed soul and strength to the bereaved family and fans to bear this immense loss."


**-Compiled by the author -Tax,expert columnist, litterateur, international writer, thinker, poet, sangeet madhyma , CA (ATC), Advocate Kishan Sanmukhdas Bhawnani, Gondia, Maharashtra 9284141425***




# ਪੰਜਾਬ ਦਾ ਉਜਾੜਾ ! ਹਰੀ ਕ੍ਰਾਂਤੀ ਤੋਂ ਬਾਅਦ ਹਰਿਆਲੀ ਉੱਜੜੀ

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਅਖਵਾਉਣ ਵਾਲਾ ਸੂਬਾ ਇਸ ਵੇਲੇ ਆਪਣੀ ਹਰਿਆਲੀ ਨੂੰ ਲੈ ਕੇ ਚਿੰਤਾ ਵਿੱਚ ਡੁੱਬਿਆ ਹੋਇਆ ਹੈ। ਪੰਜਾਬ ਦੀ ਹਰਿਆਲੀ ਇੰਨੀ ਸੁੰਗੜ ਚੁੱਕੀ ਹੈ ਕਿ ਇੱਥੇ ਰੁੱਖਾਂ ਨਾਲੋਂ ਵੱਧ ਸੜਕਾਂ ਵਿਖਾਈ ਦੇ ਰਹੀਆਂ ਨੇ। ਵਿਕਾਸ ਦੇ ਨਾਮ ’ਤੇ ਪੰਜਾਬ ਵਿੱਚ ਪਿਛਲੇ ਕੁੱਝ ਸਾਲਾਂ ਦੇ ਦੌਰਾਨ ਵੱਡੇ ਹਾਈਵੇ ਕੱਢੇ ਗਏ ਅਤੇ ਨਵੀਆਂ ਰੇਲ ਲਾਈਨਾਂ ਵਿਛਾਈਆਂ ਗਈਆਂ, ਇਹਨਾਂ ਹਾਈਵੇ ਅਤੇ ਰੇਲ ਟਰੈਕਾਂ ਦਾ ਪੰਜਾਬ ਦੀ ਆਮ ਜਨਤਾ ਨੂੰ ਤਾਂ ਘੱਟ ਫ਼ਾਇਦਾ ਹੋਇਆ ਜਦੋਂ ਕਿ ਕਾਰਪੋਰੇਟ ਘਰਾਨਿਆਂ ਨੇ ਇਸ ਰਾਹੀਂ ਆਪਣਾ ਢਿੱਡ ਚੋਖਾ ਭਰਿਆ।

ਇਸ ਵੇਲੇ ਹਾਲਾਤ ਇਹ ਬਣ ਚੁੱਕੇ ਨੇ ਕਿ ਪੰਜਾਬ ਵਿੱਚ ਰੁੱਖਾਂ ਨਾਲੋਂ ਵੱਧ ਸੜਕਾਂ ਦੀ ਗਿਣਤੀ ਹੋ ਗਈ ਹੈ। ਹਰੀ ਕ੍ਰਾਂਤੀ ਤੋਂ ਬਾਅਦ ਜਿੱਥੇ ਪੰਜਾਬ ਨੇ ਆਪਣਾ ਪਾਣੀ ਖੋਹਿਆ, ਹਵਾ ਨੂੰ ਪ੍ਰਦੂਸ਼ਿਤ ਕੀਤਾ ਅਤੇ ਵਾਤਾਵਰਨ ਨੂੰ ਗੰਦਲਾ ਕੀਤਾ, ਬੇਸ਼ੱਕ ਹਰੀ ਕ੍ਰਾਂਤੀ ਨੇ ਦੇਸ਼ ਦਾ ਢਿੱਡ ਭਰਿਆ ਪਰ ਅਸਲੀਅਤ ਇਹ ਹੈ ਕਿ ਇਸ ਹਰੀ ਕ੍ਰਾਂਤੀ ਦੇ ਨਾਮ ’ਤੇ ਪੰਜਾਬ ਦਾ ਉਜਾੜਾ ਹੀ ਹੋਇਆ। ਪਹਿਲਾਂ ਹਰੀ ਕ੍ਰਾਂਤੀ ਦੇ ਨਾਮ ’ਤੇ ਅਤੇ ਹੁਣ ਵਿਕਾਸ ਦੇ ਨਾਮ ’ਤੇ ਪੰਜਾਬ ਨੂੰ ਉਜਾੜਿਆ ਜਾ ਰਿਹਾ ਹੈ। ਤਾਜ਼ਾ ਸਥਿਤੀ ਇਹ ਹੈ ਕਿ ਪੰਜਾਬ ਵਿੱਚ ਰੁੱਖਾਂ ਦੀ ਗਿਣਤੀ ਪਿਛਲੇ ਕੁੱਝ ਸਾਲਾਂ ਦੇ ਨਾਲੋਂ ਬੇਹੱਦ ਘਟੀ ਹੈ।

ਇਸ ਦੇ ਕਈ ਕਾਰਨ ਸਾਹਮਣੇ ਆਏ ਨੇ ਪਰ ਜਿਹੜਾ ਕਾਰਨ ਸਭ ਤੋਂ ਅਹਿਮ ਸਾਹਮਣੇ ਆਇਆ ਹੈ ਉਹ ਇਹ ਹੈ ਕਿ ਪੰਜਾਬ ਵਿੱਚ ਵਿਕਾਸ ਦੇ ਨਾਮ ’ਤੇ ਬਣਾਈਆਂ ਗਈਆਂ ਕਲੋਨੀਆਂ-ਸੋਸਾਇਟੀਆਂ ਤੋਂ ਇਲਾਵਾ ਵੱਡੀਆਂ ਸੜਕਾਂ ਅਤੇ ਵੱਡੇ ਵੱਡੇ ਮਾਲ ਬਾਜ਼ਾਰ ਹਨ! ਭਾਵੇਂ ਕਿ ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਇਹਨਾਂ ਸਭ ਨੇ ਸਾਡੇ ਆਮ ਲੋਕਾਂ ਨੂੰ ਥੋੜ੍ਹੀ ਬਹੁਤ ਸਹੂਲਤ ਦਿੱਤੀ ਹੈ, ਪਰ ਦੂਜੇ ਪਾਸੇ ਇਸ ਸਭ ਨੇ ਪੰਜਾਬ ਦਾ ਸੱਤਿਆਨਾਸ ਕਰਕੇ ਰੱਖ ਦਿੱਤਾ ਹੈ।

ਤਾਜ਼ਾ ਸਾਹਮਣੇ ਆਈ ਰਿਪੋਰਟ ਦੇ ਮੁਤਾਬਿਕ ਪੰਜਾਬ ਵਿੱਚ ਹਰਿਆਲੀ ਲਗਭਗ ਗ਼ਾਇਬ ਹੋ ਚੁੱਕੀ ਹੈ। ਸਰਕਾਰੀ ਅੰਕੜਿਆਂ ’ਤੇ ਝਾਤ ਮਾਰੀਏ ਤਾਂ ਪੰਜਾਬ ਵਿੱਚ ਜੰਗਲ ਹੇਠਲਾ ਰਕਬਾ ਸੁੰਗੜ ਕੇ 6.59% ਫ਼ੀਸਦੀ ਹੀ ਰਹਿ ਗਿਆ ਹੈ ਜੋ ਕਿ ਬਾਕੀ ਸਾਰੇ ਰਾਜਾਂ ਨਾਲੋਂ ਸਭ ਤੋਂ ਘੱਟ ਹੈ।

ਪੰਜਾਬ ਤੋਂ ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੇਂਦਰੀ ਜੰਗਲਾਤ ਤੇ ਵਾਤਾਵਰਨ ਮੰਤਰੀ ਕੀਰਤੀ ਵਰਧਨ ਨੇ ਦੱਸਿਆ ਕਿ ਦੇਸ਼ ਵਿੱਚ ਜੰਗਲ ਹੇਠ ਰਕਬਾ 8,27,357.95 ਵਰਗ ਕਿਲੋਮੀਟਰ ਹੈ, ਜੋ ਕਿ ਦੇਸ਼ ਦੇ ਕੁੱਲ ਭੂਗੋਲਿਕ ਖੇਤਰ 32,87,468.88 ਵਰਗ ਕਿਲੋਮੀਟਰ ਦਾ ਕੇਵਲ 25.17 ਫ਼ੀਸਦੀ ਹੈ। ਜਦਕਿ ਪੰਜਾਬ ਵਿੱਚ ਜੰਗਲ ਹੇਠ ਰਕਬਾ ਸੁੰਗੜ ਕੇ ਸਿਰਫ਼ 6.59% ਫ਼ੀਸਦੀ ਹੀ ਰਹਿ ਗਿਆ ਹੈ ਜੋ ਕਿ ਬਾਕੀ ਸਾਰੇ ਰਾਜਾਂ ਨਾਲੋਂ ਸਭ ਤੋਂ ਘੱਟ ਹੈ।

ਉਨ੍ਹਾਂ ਦੱਸਿਆ ਕਿ ਹਰਿਆਣੇ ਦਾ 7.48%, ਰਾਜਸਥਾਨ ਦਾ 8.00, ਉੱਤਰ ਪ੍ਰਦੇਸ਼ 9.96% ਅਤੇ ਬਿਹਾਰ ਦਾ 10.52% ਜੰਗਲ ਕਵਰ ਦਰਜ਼ ਕੀਤਾ ਗਿਆ ਹੈ। ਕੇਂਦਰੀ ਮੰਤਰੀ ਨੇ ਦੱਸਿਆ ਕਿ ਦੇਸ਼ ਵਿੱਚ ਜੰਗਲ ਅਤੇ ਰੁੱਖ ਕਵਰ ਦਾ ਸਰਵੇ ਹਰ ਦੋ ਸਾਲ ਬਾਅਦ ਭਾਰਤੀ ਜੰਗਲਾਤ ਸਰਵੇਖਣ, ਦੇਹਰਾਦੂਨ ਵੱਲੋਂ ਕੀਤਾ ਜਾਂਦਾ ਹੈ। ਜਿਸਦੀ ਸਰਵੇ ਰਿਪੋਰਟ ਇੰਡੀਆ ਸਟੇਟ ਆਫ਼ ਫਾਰੈਸਟ ਰਿਪੋਰਟ ਵਿੱਚ ਜਾਰੀ ਕੀਤੀ ਜਾਂਦੀ ਹੈ।

ਇਹ ਅੰਕੜੇ ਸਾਹਮਣੇ ਆਉਣ ਤੋਂ ਬਾਅਦ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਅਸੀਂ ਪੰਜਾਬ ਨੂੰ ਸੋਨੇ ਦੀ ਚਿੜੀ ਬਣਾਵਾਂਗੇ ? ਪੰਜਾਬ ਨੂੰ ਤਾਂ ਸਮੇਂ ਦੀਆਂ ਹਕੂਮਤਾਂ ਨੇ ਵਿਕਾਸ ਦੇ ਨਾਮ ’ਤੇ ਜਿਸ ਤਰੀਕੇ ਦੇ ਨਾਲ ਉਜਾੜਿਆ ਹੈ ਉਸ ਤੋਂ ਸਾਫ਼ ਹੋ ਜਾਂਦਾ ਹੈ ਕਿ ਇਹ ਹਕੂਮਤਾਂ ਕਦੇ ਵੀ ਨਹੀਂ ਚਾਹੁੰਦੀਆਂ ਕਿ ਪੰਜਾਬ ਦਾ ਪਾਣੀ ਸ਼ੁੱਧ ਰਹੇ, ਪੰਜਾਬ ਦੀ ਹਵਾ ਸ਼ੁੱਧ ਰਹੇ ਅਤੇ ਪੰਜਾਬ ਦਾ ਵਾਤਾਵਰਨ ਅਤੇ ਪੰਜਾਬ ਦੇ ਲੋਕ ਤੰਦਰੁਸਤ ਰਹਿਣ।

ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਇਕੱਲੇ ਪੰਜਾਬ ਵਿੱਚ ਹੀ ਜੰਗਲਾਤ ਦਾ ਰਕਬਾ ਨਹੀਂ ਘਟਿਆ ਬਲਕਿ ਜਿੰਨ੍ਹਾਂ ਸੂਬਿਆਂ ਵਿੱਚ ਅਰਾਵਲੀ ਪਰਬਤ ਹੈ ਉੱਥੇ ਵੀ ਜੰਗਲਾਤ ਦਾ ਰਕਬਾ ਘਟਿਆ ਹੈ ਕਿਉਂਕਿ ਉੱਥੇ ਵੱਡੇ ਪੱਧਰ ’ਤੇ ਰੁੱਖਾਂ ਨੂੰ ਵਿਕਾਸ ਦੇ ਨਾਮ ’ਤੇ ਵੱਢਿਆ ਗਿਆ ਅਤੇ ਜਦੋਂ ਸੁਪਰੀਮ ਕੋਰਟ ਦਾ ਡੰਡਾ ਇਸ ’ਤੇ ਚੱਲਿਆ ਤਾਂ ਅਰਾਵਲੀ ਪਰਬਤਾਂ ਨੂੰ ਬਚਾ ਲਿਆ ਗਿਆ।

ਵੈਸੇ ਪੰਜਾਬ ਸਮੇਤ ਦੇਸ਼ ਭਰ ਵਿੱਚ ਰੁੱਖਾਂ ਦੀ ਕਟਾਈ ਅਤੇ ਨਜਾਇਜ਼ ਮਾਈਨਿੰਗ ਦੇ ਕਾਰਨ ਭਾਰੀ ਤਬਾਹੀ ਮੱਚ ਰਹੀ ਹੈ, ਕਿਤੇ ਸਮੇਂ ਤੋਂ ਪਹਿਲਾਂ ਬਾਰਿਸ਼ਾਂ ਹੋ ਰਹੀਆਂ ਨੇ ਅਤੇ ਕਿਤੇ ਸਮੇਂ ਤੋਂ ਪਹਿਲਾਂ ਭਿਆਨਕ ਗਰਮੀ ਪੈ ਰਹੀ ਹੈ। ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਇਸ ਵੇਲੇ ਸੋਕੇ ਦੀ ਮਾਰ ਵੀ ਦੇਖਣ ਨੂੰ ਮਿਲ ਰਹੀ ਹੈ। ਜੇਕਰ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਆਉਣ ਵਾਲਾ ਸਮਾਂ ਬੇਹੱਦ ਭਿਆਨਕ ਹੋਵੇਗਾ। ਦੱਸਦੇ ਚਲੀਏ ਕਿ, ਬੇਸ਼ੱਕ ਰਾਜਸਥਾਨ ਵਰਗੇ ਰੇਤਲੇ ਸੂਬੇ ਅੰਦਰ ਵੱਡੇ ਪੱਧਰ ’ਤੇ ਰੁੱਖ ਲਗਾਉਣਾ ਇੱਕ ਚੁਣੌਤੀ-ਪੂਰਨ ਕੰਮ ਹੈ। ਮੁੱਖ ਰੁਕਾਵਟ ਰੁੱਖਾਂ ਲਈ ਪਾਣੀ ਦੀ ਸਪਲਾਈ ਦਾ ਪ੍ਰਬੰਧ ਕਰਨਾ ਹੈ; ਹਾਲਾਂਕਿ, ਝੁੰਝੁਨੂ ਵਿੱਚ ਇੱਕ ਵਿਅਕਤੀ ਨੇ ਪ੍ਰਤੀ ਰੁੱਖ ਸਿਰਫ਼ ਇੱਕ ਲੀਟਰ ਪਾਣੀ ਦੀ ਵਰਤੋਂ ਕਰਕੇ ਅੱਠ ਹੈਕਟੇਅਰ ਜ਼ਮੀਨ ਨੂੰ ਹਰੇ ਭਰੇ ਵਿਸਤਾਰ ਵਿੱਚ ਬਦਲਣ ਵਿੱਚ ਕਾਮਯਾਬੀ ਹਾਸਲ ਕੀਤੀ। ਇਸ ਸ਼ਾਨਦਾਰ ਵਿਅਕਤੀ ਨੂੰ ਭਾਰਤ ਸਰਕਾਰ ਦੁਆਰਾ ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਰਾਜਸਥਾਨ ਦੇ ਇਸ ਵਿਅਕਤੀ ਦੀ ਮਿਹਨਤ ਅਤੇ ਮਿਲੀ ਸਫਲਤਾ ਤੋਂ ਬਾਅਦ ਸਾਨੂੰ ਸਮਝ ਜਾਣਾ ਚਾਹੀਦਾ ਹੈ ਕਿ ਪੰਜਾਬ ਕੋਲ ਤਾਂ ਪਾਣੀ ਵੀ ਹੈ, ਵਧੀਆ ਜ਼ਮੀਨ ਵੀ ਹੈ ਪਰ ਬਾਵਜੂਦ ਇਸਦੇ ਅਸੀਂ ਰੁੱਖ ਲਗਾਉਣ ਤੋਂ ਕੰਨੀ ਕਤਰਾ ਰਹੇ ਹਾਂ।

ਦੱਸਣਾ ਇਹ ਵੀ ਬਣਦਾ ਹੈ ਕਿ ਪੰਜਾਬ ਵਿੱਚ ਵੱਡੇ ਪੱਧਰ ’ਤੇ ਦਰਖਤਾਂ ਦੀ ਕਟਾਈ ਹੋਣ ਦੇ ਕਾਰਨ ਅਤੇ ਦਰਿਆਵਾਂ ਤੋਂ ਇਲਾਵਾ ਹੋਰ ਜਲ ਸਰੋਤਾਂ ਦੀ ਸਾਫ਼ ਸਫ਼ਾਈ ਨਾ ਹੋਣ ਦੇ ਕਾਰਨ ਪੰਜਾਬ ਵਿੱਚ ਪਿਛਲੇ ਪੰਜ-ਛੇ ਸਾਲਾਂ ਤੋਂ ਭਿਆਨਕ ਹੜ੍ਹ ਆ ਰਹੇ ਨੇ। ਪੰਜਾਬ ਵਿੱਚ ਹੜ੍ਹ ਆਉਣੇ ਪੰਜਾਬ ਦੇ ਲਈ ਜਿੱਥੇ ਖ਼ਤਰਾ ਬਣੇ ਹੋਏ ਨੇ ਉੱਥੇ ਹੀ ਦੂਜੇ ਪਾਸੇ ਇਸ ਦੇ ਕਾਰਨ ਪੰਜਾਬ ਦਾ ਆਰਥਿਕ ਨੁਕਸਾਨ ਹੋ ਰਿਹਾ ਹੈ।

ਭੌਂ ਵਿਗਿਆਨੀਆਂ ਦੀ ਮੰਨੀਏ ਤਾਂ, ਕਾਰਨ ਇਹ ਨਿਕਲ ਕੇ ਸਾਹਮਣੇ ਆਉਂਦਾ ਹੈ ਕਿ ਜਿਹੜੀ ਜਗ ?ਹਾ ’ਤੇ ਰੁੱਖਾਂ ਦੀ ਗਿਣਤੀ ਘੱਟ ਹੋਵੇਗੀ ਉੱਥੇ ਉਜਾੜਾ ਹੋਵੇਗਾ ਹੀ ਹੋਵੇਗਾ, ਅਜਿਹੀ ਜਗ ?ਹਾ ਉੱਪਰ ਜਿੱਥੇ ਪਾਣੀ ਦਾ ਪੱਧਰ ਘਟੇਗਾ, ਉੱਥੇ ਹੀ ਤਾਪਮਾਨ ਵਿੱਚ ਵੀ ਕਾਫ਼ੀ ਵਾਧਾ ਹੋ ਜਾਂਦਾ ਹੈ। ਪੰਜਾਬ ਵਿੱਚ ਪਿਛਲੇ ਕੁੱਝ ਸਮੇਂ ਦੇ ਦੌਰਾਨ ਆਏ ਹੜ੍ਹਾਂ ਦਾ ਸਭ ਤੋਂ ਵੱਡਾ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪੰਜਾਬ ਵਿੱਚ ਵੱਡੇ ਪੱਧਰ ’ਤੇ ਰੁੱਖਾਂ ਦੀ ਕਟਾਈ ਹੋ ਰਹੀ ਹੈ, ਦਰਿਆਵਾਂ ਨੂੰ ਨੱਕੇ ਲਾਉਣ ਦੇ ਕਾਰਨ ਦਰਿਆ ਆਪਣੇ ਰਸਤੇ ਵੱਖਰੇ ਕੱਢ ਰਹੇ ਨੇ ਅਤੇ ਮੰਨਿਆ ਇਹ ਵੀ ਜਾਂਦਾ ਹੈ ਕਿ ਦਰਿਆ ਇਹ ਰਸਤੇ ਉਦੋਂ ਹੀ ਕੱਢਦੇ ਨੇ ਜਦੋਂ ਧਰਤੀ ਉੱਪਰ ਮਨੁੱਖ ਕੁਦਰਤ ਦੇ ਨਾਲ ਛੇੜਛਾੜ ਕਰਦਾ ਹੈ। ਮੰਨਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਨੇ ਇਸ ਵਾਰ ਹੜ੍ਹਾਂ ਦੀ ਮਾਰ ਠੱਲ੍ਹਣ ਵਾਸਤੇ 500 ਕਰੋੜ ਰੁਪਏ ਦਾ ਪ੍ਰੋਜੈਕਟ ਤਿਆਰ ਕੀਤਾ ਹੈ। ਇਸ ਦੇ ਨਾਲ ਗੈਰ ਕਾਨੂੰਨੀ ਮਾਈਨਿੰਗ ਨੂੰ ਵੀ ਠੱਲ੍ਹ ਪਵੇਗੀ। ਹਾਲਾਂਕਿ ਹੜ੍ਹਾਂ ਦੇ ਕਾਰਨ ਪੰਜਾਬ ਵਿੱਚ ਹੋਈ ਤਬਾਹੀ ਨੇ, ਜਿੱਥੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਇਹਨਾਂ ਹੜ੍ਹਾਂ ਲਈ ਖ਼ੁਦ ਜ਼ਿੰਮੇਵਾਰ ਹੈ, ਭਾਵੇਂ ਹੀ ਉਸ ਵਿੱਚ ਸਰਕਾਰਾਂ ਹੀ ਦੋਸ਼ੀ ਕਿਉਂ ਨਾ ਹੋਣ, ਕੁੱਝ ਰਿਪੋਰਟਾਂ ਨੇ ਪਿਛਲੇ ਸਾਲ 2025 ਵਿੱਚ ਆਏ ਹੜ੍ਹਾਂ ਨੂੰ ਮੈਨ ਮੇਡ ਫਲੱਡ ਆਖਿਆ ਸੀ, ਬੇਸ਼ੱਕ ਇਸ ਤੋਂ ਸਮੇਂ ਦੀ ਸਰਕਾਰ ਮੁਨਕਰ ਹੋ ਗਈ ਪਰ ਜਦੋਂ ਇਸ ਸਾਰੇ ਕਾਰਨਾਮੇ ਦੇ ਪਿੱਛੇ ਵੱਲ ਝਾਤ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਇਹਨਾਂ ਹੜ੍ਹਾਂ ਦਾ ਅਸਲ ਕਾਰਨ ਰੁੱਖਾਂ ਦੀ ਕਟਾਈ ਹੀ ਹੈ।

ਦੂਜਾ ਇਹ ਵੀ ਕਾਰਨ ਮੰਨਿਆ ਜਾਂਦਾ ਹੈ ਕਿ ਪੰਜਾਬ ਦੇ ਵਿੱਚ ਪਿਛਲੇ 10-12 ਸਾਲਾਂ ਦੌਰਾਨ ਵੱਡੇ ਪੱਧਰ ’ਤੇ ਨਜਾਇਜ਼ ਮਾਈਨਿੰਗ ਹੋਈ। ਇਸ ਨਜਾਇਜ਼ ਮਾਈਨਿੰਗ ਕਾਰਨ ਜਿੱਥੇ ਧਰਤੀ ਹੇਠੋਂ ਖੋਖਲੀ ਹੋ ਗਈ ਉੱਥੇ ਹੀ ਪਾਣੀ ਸਮਾਉਣ ਦੀ ਸਮਰੱਥਾ ਵੀ ਘੱਟ ਗਈ। ਇੱਕ ਪਾਸੇ ਰੁੱਖਾਂ ਦੀ ਕਟਾਈ ਅਤੇ ਦੂਜੇ ਪਾਸੇ ਨਜਾਇਜ਼ ਮਾਈਨਿੰਗ ਨੇ ਪੰਜਾਬ ਨੂੰ ਇਸ ਤਰੀਕੇ ਖੋਖਲਾ ਕਰ ਦਿੱਤਾ ਕਿ ਹੁਣ ਪੰਜਾਬ ਹੜ੍ਹਾਂ ਦਾ ਦੂਜਾ ਨਾਮ ਬਣ ਗਿਆ ਹੈ ਕਿਉਂਕਿ ਪਹਿਲਾ ਨਾਮ ਉਹ ਪਹਾੜੀ ਸੂਬੇ ਹਨ, ਜਿੱਥੇ ਸਮੇਂ ਦੀਆਂ ਹਕੂਮਤਾਂ ਅਤੇ ਕਾਰਪੋਰੇਟ ਘਰਾਨਿਆਂ ਨੇ ਵਿਕਾਸ ਦੇ ਨਾਮ ’ਤੇ ਪਹਾੜਾਂ ਦੀ ਚੀਰ-ਫਾੜ ਕੀਤੀ ਹੈ।

ਪੰਜਾਬ ਵਿੱਚ ਲਗਾਤਾਰ ਹੋ ਰਹੀ ਰੁੱਖਾਂ ਦੀ ਕਟਾਈ, ਨਜਾਇਜ਼ ਮਾਈਨਿੰਗ ਅਤੇ ਪਾਣੀ ਦੀ ਬਰਬਾਦੀ ਦੇ ਕਾਰਨ ਪੰਜਾਬ ਦਿਨ ਪ੍ਰਤੀ ਦਿਨ ਜਿੱਥੇ ਵੈਂਟੀਲੇਟਰ ’ਤੇ ਪਹੁੰਚ ਗਿਆ ਹੈ, ਉੱਥੇ ਹੀ ਪੰਜਾਬ ਵਿੱਚ ਹੋ ਰਹੇ ਅਖੌਤੀ ਵਿਕਾਸ ਨੇ ਪੰਜਾਬ ਨੂੰ ਅੱਗੇ ਵੱਲ ਲਿਜਾਣ ਦੀ ਬਜਾਏ ਪਿੱਛੇ ਵੱਲ ਧੱਕ ਦਿੱਤਾ ਹੈ। ਲਗਾਤਾਰ ਪੰਜਾਬ ਵਿੱਚ ਗੰਦਲੇ ਪਾਣੀ ਕਾਰਨ ਕੈਂਸਰ ਵਰਗੀਆਂ ਬਿਮਾਰੀਆਂ ਨੇ ਮਨੁੱਖ ਨੂੰ ਆਪਣੀ ਲਪੇਟ ਵਿੱਚ ਲਿਆ ਹੈ।

ਵੈਸੇ, ਸਮੇਂ ਸਮੇਂ ’ਤੇ ਆਈਆਂ ਵੱਖੋ-ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਪੰਜਾਬੀਆਂ ਦੇ ਨਾਲ ਕਈ ਤਰ੍ਹਾਂ ਦੇ ਵਾਅਦੇ ਅਤੇ ਦਾਅਵੇ ਕੀਤੇ ਨੇ। ਇਹਨਾਂ ਦਾਅਵਿਆਂ ਤੇ ਵਾਅਦਿਆਂ ਦੇ ਵਿਚਕਾਰ ਪੰਜਾਬ ਦਾ ਵਿਨਾਸ਼ ਹੀ ਹੋਇਆ ਹੈ, ਸਬਸਿਡੀਆਂ ਦੇ ਨਾਂ ’ਤੇ ਪੰਜਾਬ ਨੂੰ ਜਿਸ ਤਰੀਕੇ ਦੇ ਨਾਲ ਸਮੇਂ ਦੀਆਂ ਸਰਕਾਰਾਂ ਨੇ ਪਹਿਲਾ ਉਜਾੜਿਆ ਅਤੇ ਲੁੱਟਿਆ ਅਤੇ ਹੁਣ ਪੰਜਾਬ ਦੀ ਜ਼ਮੀਨ ਨੂੰ ਵੀ ਖ਼ਤਮ ਕਰਨ ਦੀਆਂ ਤਿਆਰੀਆਂ ਖਿੱਚੀਆਂ ਜਾ ਰਹੀਆਂ ਨੇ।

ਪੰਜਾਬ ਵਿੱਚ ਪਿਛਲੇ ਕੁੱਝ ਸਮੇਂ ਤੋਂ ਕਿਤੇ ਸਟੇਟ ਹਾਈਵੇ ਬਣ ਰਹੇ ਨੇ, ਕਿਤੇ ਨੈਸ਼ਨਲ ਹਾਈਵੇ ਅਤੇ ਕਿਤੇ ਲਿੰਕ ਸੜਕਾਂ। ਮੰਨ ਲਈਏ ਕਿ ਲਿੰਕ ਸੜਕਾਂ ਆਮ ਜਨਤਾ ਦੇ ਵਾਸਤੇ ਸਰਕਾਰ ਦੁਆਰਾ ਬਣਾਈਆਂ ਜਾਂਦੀਆਂ ਨੇ, ਪਰ ਨੈਸ਼ਨਲ ਜਾਂ ਫਿਰ ਸਟੇਟ ਹਾਈਵੇ ਕਾਹਦੇ ਵਾਸਤੇ ਕੱਢੇ ਜਾਂਦੇ ਨੇ, ਕੀ ਲੋਕਾਂ ਦੇ ਸਮੇਂ ਦੀ ਬੱਚਤ ਵਾਸਤੇ ਇਹ ਹਾਈਵੇ ਕੱਢੇ ਜਾ ਰਹੇ ਨੇ ਜਾਂ ਫਿਰ ਇਸ ਦੇ ਪਿੱਛੇ ਦਾ ਕੋਈ ਹੋਰ ਕਾਰਨ ਹੈ ? ਕਾਰਨ ਵੈਸੇ ਕੁੱਝ ਵੀ ਹੋਣ, ਪਰ ਜਦੋਂ ਪੰਜਾਬ ਦੀ ਉਪਜਾਊ ਧਰਤੀ ’ਤੇ ਇਸ ਤਰ੍ਹਾਂ ਦੇ ਹਾਈਵੇ ਨਿਕਲਦੇ ਨੇ ਤਾਂ ਉਸ ਵਕਤ ਪੰਜਾਬ ਦੀ ਜਿੱਥੇ ਹਜ਼ਾਰਾਂ ਏਕੜ ਜ਼ਮੀਨ ਇਹ ਸੜਕਾਂ ਲੈ ਨਿਕਲਦੀਆਂ ਨੇ, ਉੱਥੇ ਹੀ ਜ਼ਮੀਨਾਂ ਵਿੱਚ ਲਗਾਏ ਗਏ ਪੌਦੇ ਵੀ ਇਹਨਾਂ ਹਾਈਵੇਆ ਦੇ ਕਾਰਨ ਤਬਾਹ ਹੋ ਜਾਂਦੇ ਨੇ, ਇਸ ਦੇ ਪਿੱਛੇ ਉਸ ਕਾਰਪੋਰੇਟ ਘਰਾਣੇ ਦੀ ਸੋਚ ਹੈ, ਜਿਹੜੀ ਕਿ ਸਾਨੂੰ ਹੁਣ ਤਾਂ ਨਹੀਂ ਦਿਸ ਰਹੀ, ਪਰ ਆਗਾਮੀ ਸਮੇਂ ਦੇ ਵਿੱਚ ਇਸ ਦਾ ਭਿਆਨਕ ਅਸਰ ਜ਼ਰੂਰ ਵੇਖਣ ਨੂੰ ਮਿਲੇਗਾ। ਖ਼ੈਰ ਦੇਖਦੇ ਹਾਂ ਕਿ ਸਰਕਾਰ ਅਗਲੇ ਸਮੇਂ ਦੇ ਵਿੱਚ ਕੀ ਫ਼ੈਸਲੇ ਲੈਂਦੀ ਹੈ, ਕੀ ਪੰਜਾਬ ਸਰਕਾਰ ਪੰਜਾਬ ਨੂੰ ਮੁੜ ਤੋਂ ਹਰਿਆ ਭਰਿਆ ਬਣਾਉਣ ਦੇ ਲਈ ਸੱਚਮੁੱਚ ਜ਼ਮੀਨ ’ਤੇ ਕੰਮ ਕਰੇਗੀ, ਕੀ ਪੰਜਾਬ ਫਿਰ ਤੋਂ ਹਰਿਆਲੀ ਵਲ ਵਧੇਗਾ ਜਾਂ ਫਿਰ...!

**ਗੁਰਪ੍ਰੀਤ**
9569820314

# ਜ਼ਰਾ ਬਚਕੇ ! ਇਹ ਆਰਟੀਫੀਸ਼ੀਅਲ ਇੰਟੈਲੀਜੈਂਸੀ ਏ .....

ਹਰ ਮਨੁੱਖ ਨੂੰ ਆਪਣਾ ਬਚਪਨ , ਬਚਪਨ ਤੋਂ ਸਿੱਖਿਆ ਦਾ ਖੇਤਰ ਅਤੇ ਫਿਰ ਜ਼ਿੰਦਗੀ ਦੀ ਬਹਾਰ ਸਭ ਤੋਂ ਖ਼ੂਬਸੂਰਤ ਲੱਗਦੇ ਹਨ। ਨਾਲ ਇਹ ਵੀ ਵੱਡੀ ਸੱਚਾਈ ਹੈ ਕਿ ਇਹ ਅਵਸਥਾਵਾਂ ਮਨੁੱਖ ਦੇ ਜੀਵਨ ਵਿੱਚ ਚਿਰ ਸਥਾਈ ਨਹੀਂ ਹੁੰਦੀਆਂ। ਬਦਲਾਅ ਕੁਦਰਤ ਦਾ ਨਿਯਮ ਹੈ , ਜਿਸ ਦੇ ਅਨੁਸਾਰ ਸਮੇਂ ਦੇ ਨਾਲ ? ਜੀਵਨ ਦਾ ਹਰ ਵਰਤਾਰਾ ਬਦਲਦਾ ਰਹਿੰਦਾ ਹੈ। ਆਪਾਂ ਵੀ ਜਦੋਂ ਆਪਣੇ ਬਚਪਨ ਵੱਲ ਝਾਤ ਮਾਰਦੇ ਹਾਂ ਤਾਂ ਬਹੁਤ ਕੁਝ ਟੁੱਟਦਾ ਅਤੇ ਜੁੜਦਾ ਨਜ਼ਰ ਆਉਂਦਾ ਹੈ। ਬਹੁਤ ਖ਼ੂਬਸੂਰਤ ਸਮਾਂ ਸੀ ਉਹ ਜਦੋਂ ਮੈਂ ਦਾਦੀ ਦੀ ਉਂਗਲ ਫੜ ਕੇ ਦਾਦੀ ਪੋਤੀ ਘਰਾਂ ਵਿੱਚੋਂ ਬੱਚੇ ਲਿਆ ਆਂਗਣਵਾੜੀ ਜਾਂਦੇ ਸੀ। ਦਾਦੀ ਆਂਗਣਵਾੜੀ ਵਿੱਚ ਹੈਲਪਰ ਲੱਗੀ ਹੋਈ ਸੀ। ਪਹਿਲੀ ਕਵਿਤਾ ਜੋ ਮੈਂ ਆਂਗਣਵਾੜੀ ਵਿੱਚੋਂ ਸਿੱਖੀ ਸੀ ਮੇਰੇ ਜ਼ਿਹਨ ਵਿੱਚ ਅੱਜ ਵੀ ਗੂੰਜਦੀ ਹੈ:-

**ਵੇ ਰਸਗੁੱਲਿਆ ,**
**ਐਵੇਂ ਕਾਹਤੋਂ ਫੁੱਲਿਆ,**
**ਜੀਅ ਕਰਦਾ ਤੈਨੂੰ ਖਾ ਲਵਾਂ,**
**ਗੋਗੜ ਦੇ ਵਿੱਚ ਪਾ ਲਵਾਂ,**
**ਦਾਦੀ ਕੋਲ ਜਾਊਂਗਾ,**
**ਦਸ ਪੈਸੇ ਲਿਆਊਂਗਾ,**
**ਫੇਰ ਤੈਨੂੰ ਖਾਊਂਗਾ।**

ਦਾਦੀ ਨੇ ਇਸ ਛੋਟੀ ਕਵਿਤਾ ਵਿੱਚ ਰਿਸ਼ਤਿਆਂ ਦੇ ਅਰਥ ਹੀ ਬਦਲ ਦਿੱਤੇ ਸਨ।ਅਸਲ ਸਤਰ ਤੇ ਇਹ ਸੀ ਕਿ ÷ਮੰਮੀ ਕੋਲ ਜਾਊਂਗਾ...÷ ਪਰ ਦਾਦੀ ਕਹਿੰਦੇ ਕਿ ,ਤੂੰ ਇਹ ਕਹਿ, ÷ਦਾਦੀ ਕੋਲ ? ਜਾਊਂਗਾ÷। ਮੌਜੂਦਾ ਸਮੇਂ ਵਿੱਚ ਜਿਸ ਮੁਕਾਮ 'ਤੇ ਸਿੱਖਣ ਅਤੇ ਸਿੱਖਿਆ ਦਾ ਪੱਧਰ ਹੁਣ ਪਹੁੰਚਿਆ ਹੈ, ਇਸ ਨੂੰ ਬਹੁਤ ਸਾਰੇ ਪੜਾਵਾਂ ਵਿੱਚੋਂ ਲੰਘਣਾ ਪਿਆ ਹੈ। ਕਿਸੇ ਸਮੇਂ ਸਿੱਖਿਆ 'ਅਧਿਆਪਕ ਕੇਂਦਰਿਤ' ਹੁੰਦੀ ਸੀ। ਸਮੇਂ ਦੇ ਨਾਲ ? ਸਿੱਖਿਆ ਸ਼ਾਸਤਰੀਆਂ ਅਤੇ ਵਿਦਵਾਨਾਂ ਨੇ ਸਿੱਖਿਆ ਦੇ ਖੇਤਰ ਵਿੱਚ 'ਸਿੱਖਿਆ ਦਰਸਨ' (ਫਿਲਾਸਫੀ ਆਫ਼ ਐਜੂਕੇਸ਼ਨ) ਦੀਆਂ ਬਹੁਤ ਸਾਰੀਆਂ ਧਾਰਨਾਵਾਂ ਸਥਾਪਿਤ ਕੀਤੀਆਂ। ਸਿੱਖਿਆ ਦੇ ਵਿੱਚ ਇਹ ਸਿਧਾਂਤ ਬੌਧਿਕ ਵਿਕਾਸ, ਸਮਾਜਿਕ, ਸੱਭਿਆਚਾਰਕ ਪਰਸਥਿਤੀਆਂ, ਨੈਤਿਕ ਵਿਕਾਸ ਅਤੇ ਕੁਦਰਤੀ ਵਾਤਾਵਰਨ ਵਿੱਚ ਸਿੱਖਿਆ ਦੀਆਂ ਧਾਰਨਾਵਾਂ ਨੂੰ ਸਥਾਪਿਤ ਕਰਦੇ ਹਨ। ਵੱਖ ਵੱਖ ਪੜਾਵਾਂ ਵਿੱਚ ਕਦੇ 'ਸਿੱਖਿਆ' ਕੇਂਦਰਿਤ ਹੁੰਦੀ ਹੈ, ਕਦੇ ਬੱਚਾ ਅਤੇ ਕਦੇ ਅਧਿਆਪਨ ਅਤੇ ਅਧਿਆਪਨ ਦੀਆਂ ਵਿਧੀਆਂ। ਸਿੱਖਣ ਦੀ ਪ੍ਰਕਿਰਿਆ ਵਿੱਚ ਇਹ ਥਿਓਰੀਜ਼ ਅਧਿਆਪਨ ਯੋਗਤਾ ਨਾਲ ? ਜੁੜਦੀਆਂ ਗਈਆਂ। ਸਿੱਖਿਆ ਦੇ ਹਰ ਨਵੇਂ ਮੋੜ 'ਤੇ ਐਜੂਕੇਸ਼ਨ ਦੇ ਅਰਥਾਂ ਨੇ ਨਵੇਂ ਉਦੇਸ਼ ਅਤੇ ਟੀਚੇ ਧਾਰਨ ਕੀਤੇ ਹਨ। ਕਹਿਣ ਦਾ ਭਾਵ ਕਿ ਸਿੱਖਿਆ ਸਮੇਂ ਅਤੇ ਸਥਿਤੀ ਅਨੁਸਾਰ ਲਚਕੀਲੀ ਬਣਦੀ ਰਹੀ ਹੈ। ਐਜੂਕੇਸ਼ਨ ਦਾ ਮੁੱਖ ਗੁਣ ਲਚਕੀਲਾਪਣ (ਫਲੈਕਸੀਬਿਲਿਟੀ) ਰਿਹਾ ਹੈ। ਸਮਕਾਲ ਦੀ ਸਿੱਖਿਆ ਨਵੀਂ ਟੈਕਨਾਲੋਜੀ ਆਧਾਰਿਤ ਹੈ। ਵਿਗਿਆਨਕ ਜੁਗ ਨੇ ਮਾਨਵ ਦੇ ਜੀਵਨ ਦਾ ਚਿਹਨ ਚੱਕਰ ਹੀ ਬਦਲ ਕੇ ਰੱਖ ਦਿੱਤਾ ਹੈ। ਇੰਟਰਨੈਟ ਯੁੱਗ ਹੋਣ ਕਰਕੇ ਸਾਰੀ ਦੁਨੀਆ ਇੱਕ ਗਲੋਬਲ ਪਿੰਡ ਦਾ ਰੂਪ ਧਾਰਨ ਕਰ ਗਈ ਹੈ। ਤਕਨਾਲੋਜੀ ਦੇ ਨਵੇਂ ਨਵੇਂ ਉਪਕਰਨ (ਡੀਵਾਈਸ) ਹਰ ਰੋਜ਼ ਮਨੁੱਖਤਾ ਨੂੰ ਪ੍ਰਭਾਵਿਤ ਕਰ ਰਹੇ ਹਨ। ਮੋਬਾਈਲ ਜ਼ਰੀਏ ਹਰ ਕੋਈ ਪੂਰੀ ਦੁਨੀਆਂ ਆਪਣੀ ਜੇਬ ਵਿੱਚ ਚੁੱਕੀ ਫਿਰਦਾ ਹੈ। ਇਸੇ ਟੈਕਨਾਲੋਜੀ ਵਿੱਚੋਂ ਜਨਮ ਹੁੰਦਾ ਹੈ ਆਰਟੀਫਿਸ਼ਅਲ ਇੰਟੈਲੀਜਂਸੀ ਦਾ (19) ।

ਆਧੁਨਿਕ ਯੁੱਗ ਵਿੱਚ ਆਰਟੀਫ਼ ?ਸ਼ਲ ਇੰਟੈਲੀਜੈਂਸ (19) ਨੇ ਮਨੁੱਖੀ ਜੀਵਨ ਦੇ ਹਰੇਕ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ, ਪਰ ਸਭ ਤੋਂ ਵੱਡਾ ਅਤੇ ਡੂੰਘਾ ਪ੍ਰਭਾਵ ਸਿੱਖਿਆ ਦੇ ਖੇਤਰ 'ਤੇ ਪਿਆ ਹੈ। ਅੱਜ ਸਕੂਲਾਂ, ਕਾਲਜਾਂ ਅਤੇ ਵਿਸ਼ਵਵਿਦਿਆਲਿਆਂ ਵਿੱਚ 19 ਦੀ ਵਰਤੋਂ ਨਾਲ ਸਿੱਖਣ-ਸਿਖਾਉਣ ਦੇ ਤਰੀਕੇ ਬਦਲ ਰਹੇ ਹਨ। ਇਹ ਨਾ ਸਿਰਫ਼ ਸਿੱਖਿਆ ਨੂੰ ਆਸਾਨ ਬਣਾਉਂਦਾ ਹੈ, ਸਗੋਂ ਵਿਦਿਆਰਥੀਆਂ ਦੀ ਵਿਅਕਤੀਗਤ ਯੋਗਤਾ ਅਨੁਸਾਰ ਸਿੱਖਣ ਦੇ ਮੌਕੇ ਵੀ ਪ੍ਰਦਾਨ ਕਰਦਾ ਹੈ।




19 ਦੀ ਮਦਦ ਨਾਲ ਵਿਦਿਆਰਥੀਆਂ ਨੂੰ ਪ੍ਰਸ਼ਨਉੱਤਰ ਲਰਨਿੰਗ ਮਿਲਦੀ ਹੈ। ਹਰ ਵਿਦਿਆਰਥੀ ਦੀ ਸਮਝ, ਗਤੀ ਅਤੇ ਰੁਚੀ ਵੱਖ-ਵੱਖ ਹੁੰਦੀ ਹੈ। 19 ਸਿਸਟਮ ਉਸ ਦੇ ਡਾਟਾ ਦਾ ਵਿਸ਼ਲੇਸ਼ਣ ਕਰਕੇ ਉਸਨੂੰ ਉਸਦੇ ਪੱਧਰ ਦੇ ਅਨੁਸਾਰ ਸਮੱਗਰੀ ਪ੍ਰਦਾਨ ਕਰਦੇ ਹਨ। ਇਸ ਨਾਲ ਕਮਜ਼ੋਰ ਵਿਦਿਆਰਥੀ ਆਪਣੀ ਗਤੀ ਨਾਲ ਸਿੱਖ ਸਕਦੇ ਹਨ ਅਤੇ ਹੁਸ਼ਿਆਰ ਵਿਦਿਆਰਥੀ ਹੋਰ ਅੱਗੇ ਵੱਧ ਸਕਦੇ ਹਨ।

19 ਨੇ ਸਮਾਰਟ ਕਲਾਸਰੂਮ ਦੀ ਸੰਕਲਪਨਾ ਨੂੰ ਜਨਮ ਦਿੱਤਾ ਹੈ। ਡਿਜ਼ੀਟਲ ਬੋਰਡ, ਵਰਚੁਅਲ ਅਧਿਆਪਕ ਅਤੇ ਆਟੋਮੈਟਿਕ ਅਸੈਸਮੈਂਟ ਟੂਲਜ਼ ਸਿੱਖਿਆ ਨੂੰ ਹੋਰ ਰੌਚਿਕ ਅਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ। ਬਹੁਤ ਸਾਰੀਆਂ ਐਪਸ 19 ਦੀ ਮਦਦ ਨਾਲ ਭਾਸ਼ਾ ਸਿੱਖਣ ਨੂੰ ਖੇਡਾਂ ਵਰਗਾ ਬਣਾਉਂਦੀਆਂ ਹਨ। AI ਦੀ ਇੱਕ ਹੋਰ ਵੱਡੀ ਭੂਮਿਕਾ ਅਧਿਆਪਕਾਂ ਦੀ ਮਦਦ ਕਰਨਾ ਹੈ। ਅਧਿਆਪਕਾਂ ਨੂੰ ਹੁਣ ਕਾਪੀਆਂ ਜਾਂਚਣ, ਰਿਪੋਰਟ ਤਿਆਰ ਕਰਨ ਜਾਂ ਵਿਦਿਆਰਥੀਆਂ ਦੀ ਪ੍ਰਗਤੀ ਨੂੰ ਟਰੈਕ ਕਰਨ ਲਈ ਘੱਟ ਸਮਾਂ ਲੱਗਦਾ ਹੈ। AI ਇਹ ਕੰਮ ਤੇਜ਼ੀ ਅਤੇ ਸ਼ੁੱਧਤਾ ਨਾਲ ਕਰਦਾ ਹੈ, ਜਿਸ ਨਾਲ ਅਧਿਆਪਕ ਦੀ ਤਵੱਜੋਂ ਵਿਦਿਆਰਥੀ ਵੱਲ ਵੱਧ ਹੋ ਸਕਦੀ ਹੈ। ਇਸ ਤੋਂ ਇਲਾਵਾ, 19 ਨੇ ਦੂਰ-ਦਰਾਜ਼ ਇਲਾਕਿਆਂ ਵਿੱਚ ਸਿੱਖਿਆ ਨੂੰ ਵੀ ਆਸਾਨ ਬਣਾਇਆ ਹੈ। ਜਿੱਥੇ ਅਧਿਆਪਕਾਂ ਦੀ ਕਮੀ ਹੈ, ਉੱਥੇ ਆਨਲਾਈਨ ਪਲੇਟਫਾਰਮ ਅਤੇ 19 ਟੂਲ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਦੇ ਹਨ। ਇਸ ਨਾਲ ਸਿੱਖਿਆ ਵਿੱਚ ਸਮਾਨਤਾ ਵਧ ਰਹੀ ਹੈ।

ਸਿੱਖਿਆ ਦੇ ਖੇਤਰ ਵਿੱਚ ਆਰਟੀਫ਼ ?ਸ਼ਲ ਇੰਟੈਲੀਜੈਂਸ AI ਜਿੱਥੇ ਇੱਕ ਵੱਡੀ ਸਹੂਲਤ ਹੈ, ਉੱਥੇ ਵਿਦਿਆਰਥੀਆਂ ਲਈ ਕਈ ਮਹੱਤਵਪੂਰਨ ਚੁਣੌਤੀਆਂ ਵੀ ਪੈਦਾ ਕਰ ਰਹੀ ਹੈ। ਇਹ ਚੁਣੌਤੀਆਂ ਸਮਝਣਾ ਬਹੁਤ ਜ਼ਰੂਰੀ ਹੈ ਤਾਂ ਜੋ 19 ਦਾ ਸਹੀ ਤੇ ਸੰਤੁਲਿਤ ਵਰਤੋਂ ਹੋ ਸਕੇ।

ਸੋਚਣ ਦੀ ਸਮਰੱਥਾ 'ਤੇ ਅਸਰ ਪੈ ਰਿਹਾ ਹੈ।

AI ਦੀ ਮਦਦ ਨਾਲ ਤੁਰੰਤ ਜਵਾਬ ਮਿਲ ਜਾਣਾ ਵਿਦਿਆਰਥੀਆਂ ਨੂੰ ਆਲਸੀ ਬਣਾ ਰਿਹਾ ਹੈ। ਉਹ ਖੁਦ ਸੋਚਣ, ਵਿਸ਼ਲੇਸ਼ਣ ਕਰਨ ਅਤੇ ਸਮੱਸਿਆ ਹੱਲ ਕਰਨ ਦੀ ਬਜਾਏ ਸਿੱਧਾ 19 'ਤੇ ਨਿਰਭਰ ਹੋ ਰਹੇ ਹਨ। ਇਸ ਨਾਲ ਉਨ੍ਹਾਂ ਦੀ ਸਿਰਜਨਾਤਮਿਕਤਾ, ਰਚਨਾਤਮਿਕਤਾ ਅਤੇ ਤਰਕਸ਼ੀਲਤਾ ਸੋਚ ਦਿਨੋ ਦਿਨ ਘਟ ਰਹੀ ਹੈ। ਨਕਲ ਅਤੇ ਅਕਾਦਮਿਕ ਇਮਾਨਦਾਰੀ ਦੀ ਸਮੱਸਿਆ ਵਧ ਰਹੀ ਹੈ। ਵਿਦਿਆਰਥੀਆਂ ਦੁਆਰਾ 19 ਟੂਲਾਂ ਦੀ ਮਦਦ ਨਾਲ ? ਅਸਾਈਨਮੈਂਟਸ, ਲੇਖ ਜਾਂ ਪ੍ਰੋਜੈਕਟ ਆਸਾਨੀ ਨਾਲ ? ਬਣ ਜਾਂਦੇ ਹਨ। ਜਿਸ ਨਾਲ ਵਿਦਿਆਰਥੀ ਖ਼ੁਦ ਮਿਹਨਤ ਕਰਨ ਦੀ ਬਜਾਏ ਨਕਲ ਵੱਲ ਵੱਧ ਰੁਝਾਨ ਰੱਖਦੇ ਹਨ, ਜੋ ਸਿੱਖਿਆ ਦੇ ਮੂਲ ਮਕਸਦ ਨੂੰ ਨੁਕਸਾਨ ਪਹੁੰਚਾਉਂਦਾ ਹੈ। ਆਰਟੀਫਿਸ਼ਲ ਇੰਟੈਲੀਜੈਂਸੀ ਹੈ ਤੇ ਬਹੁਤ ਸਾਰੇ ਦਿਮਾਗਾਂ ਦੀ ਜਾਣਕਾਰੀ ਦਾ ਸੰਗ੍ਰਹਿ। ਇਹ ਪੂਰੀ ਤਰ੍ਹਾਂ ਸਹੀ ਨਹੀਂ ਹੋ ਸਕਦੀ ਸੋ, ਇਸ ਵਿੱਚ

ਗਲਤ ਜਾਣਕਾਰੀ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੈ।

19 ਹਮੇਸ਼ਾਂ ਸੌ ਪ੍ਰਤੀਸ਼ਤ ਸਹੀ ਨਹੀਂ ਹੁੰਦਾ। ਕਈ ਵਾਰ ਇਹ ਗਲਤ ਜਾਂ ਅਧੂਰੀ ਜਾਣਕਾਰੀ ਵੀ ਦਿੰਦਾ ਹੈ। ਜੋ ਵਿਦਿਆਰਥੀ ਬਿਨਾਂ ਜਾਂਚੇ ਉਸ 'ਤੇ ਭਰੋਸਾ ਕਰ ਲੈਂਦੇ ਹਨ, ਤਾਂ ਉਨ੍ਹਾਂ ਦੀ ਸਿੱਖਿਆ ਵਿੱਚ ਗਲਤਫਹਿਮੀਆਂ ਪੈਦਾ ਹੋਣਾ ਸੁਭਾਵਿਕ ਹੈ। ਡਿਜ਼ੀਟਲ ਡਿਵਾਈਡ (ਅਸਮਾਨਤਾ) ਵੱਡੀ ਚੁਣੌਤੀ ਹੈ।ਹਰ ਵਿਦਿਆਰਥੀ ਕੋਲ ? ਬਰਾਬਰ ਤਕਨਾਲੋਜੀ ਜਾਂ ਇੰਟਰਨੈੱਟ ਦੀ ਸਹੂਲਤ ਨਹੀਂ ਹੁੰਦੀ। ਪਿੰਡਾਂ ਜਾਂ ਗਰੀਬ ਪਰਿਵਾਰਾਂ ਦੇ ਬੱਚੇ 19 ਦੇ ਲਾਭ ਤੋਂ ਵੰਚਿਤ ਰਹਿ ਸਕਦੇ ਹਨ, ਜਿਸ ਨਾਲ ਸਿੱਖਿਆ ਵਿੱਚ ਅਸਮਾਨਤਾ ਵਧ ਰਹੀ ਹੈ। ਪ੍ਰਾਈਵੇਸੀ ਅਤੇ ਡਾਟਾ ਸੁਰੱਖਿਆ 'ਤੇ ਵੱਡਾ ਪ੍ਰਸ਼ਨਚਿੰਨ੍ਹ ਹੈ। AI ਸਿਸਟਮ ਵਿਦਿਆਰਥੀਆਂ ਦੇ ਡਾਟਾ ਨੂੰ ਇਕੱਠਾ ਕਰਦੇ ਹਨ। ਜੇ ਇਹ ਡਾਟਾ ਸੁਰੱਖਿਅਤ ਨਾ ਰਹੇ, ਤਾਂ ਵਿਦਿਆਰਥੀਆਂ ਦੀ ਨਿੱਜੀ ਜਾਣਕਾਰੀ ਲੀਕ ਹੋ ਸਕਦੀ ਹੈ, ਜੋ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਮੌਜੂਦਾ ਸਮੇਂ ਵਿੱਚ ਨੌਜਵਾਨ ਪੀੜ੍ਹੀ ਅਤੇ ਬੱਚੇ ਇਸ ਉੱਤੇ ਅੰਨ੍ਹੇ ਵਾਹ ਨਿਰਭਰ ਹੋ ਰਹੇ ਹਨ। ਇਸ ਨਾਲ ? ਉਹਨਾਂ ਦੇ ਪੂਰਨ ਦਿਮਾਗੀ ਵਿਕਾਸ ਨੂੰ ਢਾਹ ਜ਼ਰੂਰ ਲੱਗੇਗੀ। ਬਹੁਤਾਤ ਵਿੱਚ ਅੱਜ ਦੀ ਨੌਜਵਾਨ ਪੀੜ੍ਹੀ ਲਈ 'ਏ ਆਈ' ਹੀ ਸਭ ਕੁਝ ਹੈ। ਉੱਨਤ ਦੇਸ਼ਾਂ ਵਿੱਚ ਬੱਚਿਆਂ ਤੋਂ ਲੈ ਕੇ ਪ੍ਰੌੜ੍ਹ ਅਵਸਥਾ ਤੱਕ ਆਰਟੀਫਿਸ਼ਅਲ ਇੰਟੈਲੀਜੈਂਸੀ ਆਦਤ ਬਣ ਗਈ ਹੈ ਅਤੇ ਇਹ ਨਿਰਭਰਤਾ (Dependency) ਦੇ ਗੁਲਾਮ ਹੋ ਕੇ ਰਹਿਗੇ ਹਨ।

ਜਦੋਂ ਵਿਦਿਆਰਥੀ ਹਰ ਛੋਟੀ ਗੱਲ ਲਈ 19 ਦੀ ਮਦਦ ਲੈਣ ਲੱਗਦੇ ਹਨ, ਤਾਂ ਉਹ ਖ਼ੁਦ ਕੰਮ ਕਰਨਾ ਛੱਡ ਦਿੰਦੇ ਹਨ। ਇਹ ਲੰਬੇ ਸਮੇਂ ਵਿੱਚ ਉਨ੍ਹਾਂ ਦੀ ਖ਼ੁਦਮੁਖਤਿਆਰੀ ਨੂੰ ਘਟਾ ਕੇ ਸਿਫ਼ਰ ਕਰ ਦੇਵੇਗੀ।। ਇਹ ਆਈ ਦੀ ਵਧ ਰਹੀ ਵਰਤੋਂ ਨਾਲ ਵਿਦਿਆਰਥੀਆਂ ਵਿੱਚ ਮਨੋਵਿਗਿਆਨਕ ਅਸਰ ਵੇਖਣ ਨੂੰ ਵੀ ਯਕੀਨਨ ਮਿਲੇਗਾ।

19 ਨਾਲ ਲਗਾਤਾਰ ਕੰਮ ਕਰਨ ਨਾਲ ਵਿਦਿਆਰਥੀਆਂ ਦੀ ਮਨੁੱਖੀ ਸੰਬੰਧਾਂ ਨਾਲ ਸੰਬੰਧਿਤ ਕੌਸ਼ਲ (ਜਿਵੇਂ ਗੱਲਬਾਤ, ਟੀਮ ਵਰਕ) ਘਟ ਜਾਣਗੇ। ਉਹ ਡਿਜ਼ੀਟਲ ਦੁਨੀਆ ਵਿੱਚ ਜ਼ਿਆਦਾ ਰਹਿ ਕੇ ਅਸਲੀ ਜੀਵਨ ਤੋਂ ਦੂਰ ਹੋ ਸਕਦੇ ਹਨ।

ਕਈ ਵਿਦਿਆਰਥੀ ਸੋਚਦੇ ਹਨ ਕਿ 19 ਆਉਣ ਨਾਲ ਭਵਿੱਖ ਵਿੱਚ ਨੌਕਰੀਆਂ ਘਟ ਜਾਣਗੀਆਂ। ਉਹਨਾਂ ਦਾ ਇਹ ਸੋਚਣਾ ਦਰੁਸਤ ਹੈ।ਇਹ ਡਰ ਉਨ੍ਹਾਂ ਵਿੱਚ ਤਣਾਅ ਪੈਦਾ ਕਰੇਗਾ ਅਤੇ ਉਹ ਆਪਣੇ ਕੈਰੀਅਰ ਨੂੰ ਲੈ ਕੇ ਅਸੰਤੁਸ਼ਟ ਰਹਿਣਗੇ। ਇਸ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ19 ਸਿੱਖਿਆ ਵਿੱਚ ਇੱਕ ਸ਼ਕਤੀਸ਼ਾਲੀ ਸਾਧਨ ਹੈ, ਪਰ ਇਸ ਦੀਆਂ ਚੁਣੌਤੀਆਂ ਨੂੰ ਅਣਦੇਖਾ ਵੀ ਨਹੀਂ ਕੀਤਾ ਜਾ ਸਕਦਾ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ AI ਨੂੰ ਸਹਾਇਕ ਵਜੋਂ ਵਰਤਣ, ਨਾ ਕਿ ਉਸ 'ਤੇ ਪੂਰੀ ਤਰ੍ਹਾਂ ਨਿਰਭਰ ਹੋਣ। ਅਧਿਆਪਕਾਂ ਅਤੇ ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਦੇਣ, ਤਾਂ ਜੋ AI ,ਸਿੱਖਿਆ ਨੂੰ ਨਿਖਾਰਨ ਦਾ ਸਾਧਨ ਬਣੇ, ਨਾ ਕਿ ਰੁਕਾਵਟ। ਅੰਤ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਆਰਟੀਫ਼ ?ਸ਼ਲ ਇੰਟੈਲੀਜੈਂਸ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਤਾਂ ਲਿਆ ਰਹੀ ਹੈ। ਜੇ ਇਸਦਾ ਸਹੀ ਅਤੇ ਸੰਤੁਲਿਤ ਢੰਗ ਨਾਲ ਵਰਤੋਂ ਕੀਤੀ ਜਾਵੇ, ਤਾਂ ਇਸ ਨਾਲ ? ਸਿੱਖਿਆ ਹੋਰ ਪ੍ਰਭਾਵਸ਼ਾਲੀ, ਸਾਰਥਿਕ ਅਤੇ ਸਭ ਲਈ ਪਹੁੰਚਯੋਗ ਬਣ ਸਕਦੀ ਹੈ। ਆਉਣ ਵਾਲੇ ਸਮੇਂ ਵਿੱਚ 19 ਸਿੱਖਿਆ ਦਾ ਅਟੁੱਟ ਹਿੱਸਾ ਬਣ ਜਾਵੇਗੀ ਅਤੇ ਵਿਦਿਆਰਥੀਆਂ ਨੂੰ ਨਵੇਂ ਯੁੱਗ ਲਈ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਆਸ ਉਮੀਦ ਦਾ ਦੀਵਾ ਹਮੇਸ਼ਾ ਬਲਦਾ ਰਹੇਗਾ।

**ਅੰਮ੍ਰਿਤਪਾਲ ਕਲੇਰ**

# ਉਹ ਡਾਇਰੀ ਦੇ ਵਰਕੇ ਫਰੋਲਦਾ ਰਹਿੰਦਾ ਸੀ

ਥੋੜ੍ਹੇ ਕੁ ਦਿਨਾਂ ਦੀ ਗੱਲ ਹੈ ਕਿ ਮੇਰੇ ਬੇਟੇ ਦਾ ਇੱਕ ਸੀਨੀਅਰ ਅਫਸਰ ਸੀ॑ ਉਹਨਾਂ ਦੀ ਰਿਟਾਇਰਮੈਂਟ ਹੋਈ ਨੂੰ ਲੱਗਭਗ ਛੇ ਕੁ ਮਹੀਨੇ ਹੋਏ ਸਨ॑ ਉਹ ਇਕ ਬਹੁਤ ਹੀ ਚੰਗੇ ਸੁਭਾਅ ਦਾ ਹਸਮੁੱਖ ਇਨਸਾਨ ਸੀ॑ ਨੌਕਰੀ ਦੁਰਾਨ ਉਹਨਾਂ ਨੇ ਕਦੇ ਵੀ ਆਪਣੇ ਜੂਨੀਅਰਾਂ ਨੂੰ ਝਿੜਕਿਆ ਨਹੀਂ ਸੀ॑ ਜੇ ਕਿਸੇ ਤੋਂ ਕੋਈ ਕੰਮ ਕਰਦਿਆਂ ਗਲਤੀ ਵੀ ਹੋ ਜਾਣੀ ਤਾਂ ਉਹਨਾਂ ਨੇ ਆਪਣੇ ਕੋਲ ਬੁਲਾ ਕੇ ਇੰਝ ਸਮਝਾਉਣਾ, ਜਿਵੇ ਪਿਤਾ ਅਪਣਿਆ ਪੁੱਤਰਾਂ ਨੂੰ ਸਮਝਾਉਂਦਾ ਹੈ॑ ਸਮਝਾਉਂਦੇ ਹੋਏ ਕਹਿਣਾ ਮੈ ਵੀ ਤੁਹਾਡੇ ਵਾਂਗੂੰ ਬੜੀਆਂ ਗਲਤੀਆਂ ਕਰਦਾ ਹੁੰਦਾ ਸੀ॑ ਫਿਰ ਮੇਰੇ ਸੀਨੀਅਰ ਨੇ ਕਹਿਣਾ ਇੰਝ ਨਹੀਂ ਇੰਝ ਕਰੀਦਾ ਹੈ ਕੰਮ॑ ਹਰ ਇੱਕ ਨਾਲ ਹਸਦੇ ਖੇਡਦੇ ਰਹਿਣਾ ,ਤੁਰਦੇ ਫਿਰਦੇ ਨੇ ਸਟਾਫ ਕੋਲ ਆ ਜਾਣਾ॑ ਬੜੇ ਪਿਆਰ ਨਾਲ ਕਹਿਣਾ ਕਿ ਆਪਣਾ ਆਹ ਕੰਮ ਕਰਨ ਵਾਲਾ ਰਹਿੰਦਾ ਹੈ॑ ਜ਼ਰਾ ਵਕਤ ਮਿਲੇ ਤਾਂ ਕਰ ਲਿਓ॑ ਕੋਈ ਗੱਲ ਨਹੀਂ ਅਗਰ ਅੱਜ ਨਾ ਵਕਤ ਮਿਲੇ ਤਾਂ ਕੱਲ ਨੂੰ ਕਰ ਲੈਣਾ॑ ਬਾਕੀ ਚਿੰਤਾ ਨਹੀਂ ਕਰਨੀ ਅਗਰ ਤੁਹਾਡੇ ਤੋਂ ਨਾ ਹੋਇਆ ਤਾਂ ਮੈਨੂੰ ਦਸ ਦਿਉ ,ਮੈ ਕਰ ਦੇਵਾਂਗਾ॑ ਮੈ ਵਿਹਲੇ ਨੇ ਕੀ ਕਰਨਾ॑ ਇੱਕ ਡਾਕ ਉਤੇ ਘੁੱਗੀ ਹੀ ਮਾਰਨੀ ਹੁੰਦੀ ਹੈ॑ ਮੇਰਾ ਕਿਹੜਾ ਕੁੱਝ ਘੱਟਣ ਲੱਗਾ ਹੈ॑ ਬੇਸ਼ਕ ਸਟਾਫ ਤੋਂ ਕੰਮ ਵੀ ਪੂਰਾ ਲੈ ਲੈਣਾ॑ ਤੇ ਕਿਸੇ ਨੂੰ ਦੁਖੀ ਵੀ ਨਹੀਂ ਹੋਣ ਦੇਣਾ॑ ਸਾਰੇ ਸਟਾਫ ਤੋਂ ਖੁਸ ਰਹਿੰਦਾ ਸੀ॑ ਪਰ ਪੈਸੇ ਦਾ ਪੱਕਾ ਪੀਰ ਸੀ॑ ਤੁਰਦੇ ਫਿਰਦੇ ਨੇ ਪੁੱਛ ਲੈਣਾ ਕਿ ਫਲਾਣਾ ਆਦਮੀ ਕਿਵੇਂ ਆਇਆ ਸੀ॑ ਕੀ ਕਹਿੰਦਾ ਸੀ ਕੋਈ ਜੇਬ ਵੀ ਗਰਮ ਕਰਕੇ ਗਿਆ ਹੈ ਜਾਂ ਐਵੇ ਹੀ ਵਾਪਿਸ ਪਰਤ ਗਿਆ ਹੈ॑ ਇਹਨਾਂ ਲੋਕਾਂ ਦਾ ਕੰਮ ਕਰ ਦਿਆਂ ਕਰੋ॑ ਆਪਾਂ ਕਿਹੜੇ ਪੈਸੇ ਆਪਣੀ ਜੇਬ ਵਿੱਚੋ ਦੇਣੇ ਹਨ॑ ਸਰਕਾਰ ਤੋਂ ਪੈਸੇ ਆਉਣੇ ਨੇ॑ ਅਗਰ ਇਹਨਾਂ ਨੂੰ ਕੁੱਝ ਮਿਲੇਗਾ ਤਾਂ ਹੀ ਆਪਣੀ ਕੁੱਝ ਮੁੱਠ ਵਿੱਚ ਆਵੇਗਾ॑ ਸਾਰਿਆਂ ਨੇ ਹੱਸਦੇ ਹੱਸਦੇ ਕਹਿ ਦੇਣਾ ਕਿ ਸਾਬ ਜੀ , ਜਦੋ ਤੁਸੀਂ ਪੈਨਸ਼ਨ ਪਾ ਕੇ ਚਲੇ ਗਏ॑ ਫਿਰ ਤੁਹਾਡੀ ਮੁੱਠੀ ਦਾ ਕੀ ਬਣੇਗਾ॑ ਗੱਲ ਸੁਣਦਿਆਂ ਹੀ ਉਸ ਦਾ ਸਾਰਾ ਹਾਸਾ ਬੰਦ ਹੋ ਜਾਣਾ॑ ਉਸ ਨੇ ਲੰਬੇ ਲੰਬੇ ਸਾਹ ਲੈਣ ਲੱਗ ਜਾਣਾ॑ ਕਹਿਣਾ ਕਿ ਫਿਰ ਕਿ ਹੋਇਆ ਸਾਰੀ ਉਮਰ ਪੈਸਾ ਹੀ ਕਮਾਇਆ ਹੈ॑ ਉਹ ਗੱਲ ਵੱਖਰੀ ਹੈ ਕੀ ਪੈਸਾ ਜੋੜਿਆ ਨਹੀਂ ਗਿਆ॑ ਪਰ ਉਸ ਪੈਸੇ ਨਾਲ ਐਸ ਬਹੁਤ ਕੀਤੀ ਹੈ॑ ਇਕੱਲੀ ਤਨਖਾਹ ਨਾਲ ਤਾਂ ਘਰ ਦਾ ਰਾਸ਼ਨ ਪਾਣੀ ਵੀ ਨਹੀਂ ਚੱਲਦਾ॑ ਇਸ ਗੱਲ ਦਾ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ॑ ਜੇ ਐਸ ਕਰਨੀ ਹੋਵੇ ਫਿਰ ਜਿਹੜੇ ਪੈਸੇ ਆਪਾਂ ਨੂੰ ਲੋਕ ਕੰਮ ਕਰਾਉਣ ਦੇ ਕੇ ਜਾਂਦੇ ਹਨ॑ ਇਹਨਾਂ ਨੂੰ ਰਿਸ਼ਵਤ ਨਾ ਸਮਝਿਆ ਕਰੋ॑ ਇਹ ਆਪਣਾ ਹੱਕ ਬਣਦਾ ਹੈ॑ ਨਾਲੇ ਆਪਾਂ ਕਿਹੜੇ ਲੋਕਾਂ ਦੇ ਗਲ ਪੇਕੇ ਖੋਂਹਦੇ ਹਾਂ॑ ਬਸ ਲੋਕ ਖੁਸ਼ੀ ਨਾਲ ਹੀ ਪਾਰਟੀ ਕਰ ਦਿੰਦੇ ਨੇ॑ ਪਾਰਟੀ ਲੈਣਾ ਤਾਂ ਕੋਈ ਰਿਸ਼ਵਤ ਨਹੀਂ ਹੁੰਦੀ॑ ਜਿਹੜੇ ਆਪਾਂ ਨੂੰ ਪਾਰਟੀ ਦੇ ਕੇ ਜਾਂਦੇ ਨੇ ਉਹ ਪਤਾ ਨਹੀਂ ਅਗੋਂ ਕਿੰਨੀ ਲੋਕਾਂ ਦੀ ਛਿੱਲ ਲਹਾਉਂਦੇ ਹੋਣੇ ਨੇ॑ ਉਹ ਕਿਹੜਾ ਆਪਾਂ ਨੂੰ ਆ ਕੇ ਦਸਦੇ ਨੇ॑ ਇਸ ਤਰਾਂ ਉਸ ਨੇ ਗੱਲਾਂ ਕਰਨੀਆਂ॑ ਬਸ ਛੇ ਕੁ ਮਹੀਨਿਆਂ ਬਾਹਦ ਉਸ ਦੀ ਅਚਾਨਕ ਮੌਤ ਹੋ ਗਈ॑ ਸਾਰਾ ਸਟਾਫ ਅਫਸੋਸ ਵਾਸਤੇ ਗਿਆ॑ ਅਫਸੋਸ ਕਰਨ ਤੋਂ ਬਾਹਦ ਉਸ ਦੀ ਘਰ ਵਾਲੀ ਨੂੰ ਮੌਤ ਦਾ ਕਾਰਨ ਪੁੱਛਿਆ ਕਿ ਕੀ ਹੋਇਆ ਸੀ ਸਾਬ ਨੂੰ॑ ਅਚਾਨਕ ਕਿਵੇਂ ਮੌਤ ਹੋ ਗਈ॑ ਤਕੜਾ ਸੀ ਉਸ ਨੇ ਤਾਂ ਸਾਡੇ ਸਾਹਮਣੇ ਕਦੇ ਗੋਲੀ ਤਕ ਨਹੀਂ ਸੀ ਖਾਹਦੀ॑ ਵੀਰ ਜੀ ਹੋਣਾ ਕੀ ਸੀ ਜਦੋ ਦਾ ਪੈਨਸ਼ਨ ਆਇਆ ਸੀ॑ ਇੱਕ ਉਸ ਕੋਲ ਡਾਇਰੀ ਹੁੰਦੀ ਸੀ ਉਹੀ ਸਾਰਾ ਦਿਨ ਫਰੋਲਦਾ ਰਹਿੰਦਾ ਸੀ॑ ਪਤਾ ਨਹੀਂ ਉਸ ਡਾਇਰੀ ਵਿੱਚ ਕੀ ਲਿਖਿਆ ਸੀ॑ ਸਾਰੇ ਸਟਾਫ ਵਾਲੇ ਇੱਕ ਦੂਜੇ ਦੇ ਮੂੰਹ ਵਲ ਵੇਖਣ ਲੱਗ ਪਏ॑ ਉਹਨਾਂ ਨੂੰ ਵੀ ਸਾਬ ਦੀ ਡਾਇਰੀ ਯਾਦ ਆ ਗਈ॑ ਭੈਣ ਜੀ ਡਾਇਰੀ ਵਿੱਚ ਲੋਕਾਂ ਤੋਂ ਜਿਹੜੇ ਪੈਸੇ ਲੈਣੇ ਹੁੰਦੇ ਨੇ ਉਹ ਹੀ ਲਿਖਿਆ ਹੁੰਦਾ ਸੀ॑ ਬਸ ਵੀਰ ਜੀ ਉਹ ਵੀ ਇਹੋ ਹੀ ਬੋਲਦਾ ਰਹਿੰਦਾ ਸੀ॑ ਸ਼ਾਇਦ ਉਹੀ ਡਾਇਰੀ ਉਸ ਦੀ ਮੌਤ ਦਾ ਕਾਰਨ ਬਣ ਗਈ ਹੈ॑ ਜਿਸ ਦੇ ਸਾਰਾ ਸਾਰਾ ਦਿਨ ਵਰਕੇ ਫਰੋਲਦਾ ਰਹਿੰਦਾ ਸੀ॑

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ** 7589155501

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350 | Website: www.preetnama.com Email preetnamausa@gmail.com | 17 APRIL TO 23 APRIL, 2026




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350 | Website: www.preetnama.com Email preetnamausa@gmail.com | 17 APRIL TO 23 APRIL, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350 | Website: www.preetnama.com Email preetnamausa@gmail.com | 17 APRIL TO 23 APRIL, 2026





# ਵਿਸਾਖੀ: ਖ਼ਾਲਸਾ ਪੰਥ ਦੀ ਸਿਰਜਣਾ ਅਤੇ ਇਤਿਹਾਸਕ ਮਹੱਤਵ

ਵਿਸਾਖੀ ਦਾ ਤਿਉਹਾਰ ਸਿੱਖ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਅਤੇ ਗੌਰਵਮਈ ਦਿਨ ਮੰਨਿਆ ਜਾਂਦਾ ਹੈ। ਇਹ ਉਹ ਦਿਨ ਹੈ ਜਦੋਂ ਸੰਨ 1699 ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 'ਖ਼ਾਲਸਾ ਪੰਥ' ਦੀ ਸਿਰਜਣਾ ਕੀਤੀ ਸੀ। ਇਹ ਕੇਵਲ ਇੱਕ ਧਾਰਮਿਕ ਘਟਨਾ ਨਹੀਂ ਸੀ, ਸਗੋਂ ਮਨੁੱਖੀ ਇਤਿਹਾਸ ਵਿੱਚ ਇੱਕ ਵੱਡੀ ਕ੍ਰਾਂਤੀ ਸੀ।

**ਖ਼ਾਲਸਾ ਪੰਥ ਦੀ ਸਿਰਜਣਾ ਦਾ ਪਿਛੋਕੜ**

17ਵੀਂ ਸਦੀ ਦੇ ਅੰਤ ਵਿੱਚ ਭਾਰਤ ਵਿੱਚ ਜ਼ੁਲਮ, ਜਬਰ ਅਤੇ ਧਾਰਮਿਕ ਕੱਟੜਤਾ ਦਾ ਬੋਲਬਾਲਾ ਸੀ। ਮੁਗਲ ਹਕੂਮਤ ਦੇ ਅੱਤਿਆਚਾਰਾਂ ਨੇ ਆਮ ਜਨਤਾ ਦਾ ਜਿਊਣਾ ਦੂਭਰ ਕੀਤਾ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਹੁਣ ਇੱਕ ਅਜਿਹੀ ਕੌਮ ਦੀ ਲੋੜ ਹੈ ਜੋ ਨਿਰਭਉ (ਬਿਨਾਂ ਕਿਸੇ ਡਰ) ਅਤੇ ਨਿਰਵੈਰ (ਬਿਨਾਂ ਕਿਸੇ ਦੁਸ਼ਮਣੀ) ਹੋਵੇ, ਜੋ ਜ਼ੁਲਮ ਦੇ ਖਿਲਾਫ ਡਟ ਸਕੇ।

**ਪੰਜ ਪਿਆਰਿਆਂ ਦੀ ਚੋਣ: ਬਰਾਬਰੀ ਦਾ ਪ੍ਰਤੀਕ**

1699 ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਇੱਕ ਭਾਰੀ ਇਕੱਠ ਵਿੱਚ ਨੰਗੀ ਤਲਵਾਰ ਲਹਿਰਾਉਂਦੇ ਹੋਏ 'ਸੀਸ' ਦੀ ਮੰਗ ਕੀਤੀ। ਇੱਕ-ਇੱਕ ਕਰਕੇ ਪੰਜ ਦਲੇਰ ਸਿੱਖ ਉੱਠੇ, ਜਿਨ੍ਹਾਂ ਨੂੰ ਅੱਜ ਅਸੀਂ 'ਪੰਜ ਪਿਆਰੇ' ਵਜੋਂ ਜਾਣਦੇ ਹਾਂ:

**ਭਾਈ ਦਇਆ ਰਾਮ ਜੀ (ਲਾਹੌਰ)**
**ਭਾਈ ਧਰਮ ਦਾਸ ਜੀ (ਹਸਤਿਨਾਪੁਰ/ਦਿੱਲੀ)**
**ਭਾਈ ਹਿੰਮਤ ਰਾਏ ਜੀ (ਜਗਨਨਾਥ ਪੁਰੀ)**
**ਭਾਈ ਮੋਹਕਮ ਚੰਦ ਜੀ (ਦਵਾਰਕਾ)**
**ਭਾਈ ਸਾਹਿਬ ਚੰਦ ਜੀ (ਬਿਦਰ)**

ਇਨ੍ਹਾਂ ਪੰਜ ਪਿਆਰਿਆਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਭਾਰਤ ਦੇ ਵੱਖ-ਵੱਖ ਕੋਨਿਆਂ ਅਤੇ ਵੱਖ-ਵੱਖ ਜਾਤਾਂ ਨਾਲ ਸਬੰਧ ਰੱਖਦੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਪਿਲਾ ਕੇ ਜਾਤ-ਪਾਤ ਅਤੇ ਧਾਰਮਿਕ ਵਲਗਣਾਂ ਨੂੰ ਹਮੇਸ਼ਾ ਲਈ ਖਤਮ ਕਰ ਦਿੱਤਾ। ਗੁਰੂ ਜੀ ਨੇ ਖੁਦ ਵੀ ਉਨ੍ਹਾਂ ਪਾਸੋਂ ਅੰਮ੍ਰਿਤ ਛਕਿਆ, ਜਿਸ ਕਾਰਨ ਉਨ੍ਹਾਂ ਨੂੰ ÷ਆਪੇ ਗੁਰ ਚੇਲਾ÷ ਕਿਹਾ ਜਾਂਦਾ ਹੈ।




ਨਿਊਯਾਰਕ
ਪ੍ਰੀਤਨਾਮਾ
ਖ਼ਰਾ ਸੱਚ
ਜੱਸੀ ਢਿੱਲੋਂ, ਨਿਊਯਾਰਕ


ਖ਼ਾਲਸਾ ਸਾਜਨਾ ਦੇ ਗੁੱਝੇ ਭੇਦ (The Hidden Essence)

ਆਮ ਤੌਰ 'ਤੇ ਖ਼ਾਲਸਾ ਸਾਜਨਾ ਨੂੰ ਸਿਰਫ਼ ਜੰਗਾਂ-ਯੁੱਧਾਂ ਨਾਲ ਜੋੜਿਆ ਜਾਂਦਾ ਹੈ, ਪਰ ਇਸ ਦੇ ਪਿੱਛੇ ਕੁਝ ਅਜਿਹੇ ਡੂੰਘੇ ਮਨੋਰਥ ਸਨ ਜੋ ਸਮਾਜਿਕ ਬਰਾਬਰੀ ਅਤੇ ਸਹੀ ਅਗਵਾਈ ਨਾਲ ਜੁੜੇ ਹੋਏ ਸਨ:

**1. ਲੰਗਰ ਤੋਂ ਖ਼ਾਲਸਾ ਤੱਕ ਦਾ ਸਫ਼ਰ**

ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ। ਉਨ੍ਹਾਂ ਨੇ 'ਲੰਗਰ ਪ੍ਰਥਾ' ਸ਼ੁਰੂ ਕੀਤੀ ਤਾਂ ਜੋ ਅਮੀਰ-ਗਰੀਬ, ਉੱਚੀ-ਨੀਵੀਂ ਜਾਤ ਅਤੇ ਵੱਖ-ਵੱਖ ਧਰਮਾਂ ਦੇ ਲੋਕ ਇੱਕੋ ਪੰਗਤ ਵਿੱਚ ਬੈਠ ਕੇ ਭੋਜਨ ਛਕਣ। ਮਨੋਰਥ ਇਹ ਸੀ ਕਿ ਕੋਈ ਭੁੱਖਾ ਨਾ ਸੌਂਵੇ ਅਤੇ ਮਨੁੱਖੀ ਵੰਡੀਆਂ ਖਤਮ ਹੋਣ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ ਇਸੇ 'ਏਕਤਾ' ਨੂੰ ਸੰਗਤ ਤੋਂ 'ਪੰਥ' ਦੇ ਰੂਪ ਵਿੱਚ ਬਦਲ ਦਿੱਤਾ। ਜੋ ਸਾਂਝ ਪਹਿਲਾਂ ਸਿਰਫ਼ ਭੋਜਨ (ਲੰਗਰ) ਤੱਕ ਸੀ, ਅੰਮ੍ਰਿਤ ਦੇ ਬਾਟੇ ਨੇ ਉਹ ਸਾਂਝ 'ਖੂਨ ਅਤੇ ਆਤਮਾ' ਦੀ ਬਣਾ ਦਿੱਤੀ।

**2. ਮਸੰਦ ਪ੍ਰਥਾ ਅਤੇ ਭ੍ਰਿਸ਼ਟਾਚਾਰ ਦਾ ਅੰਤ**

ਉਸ ਸਮੇਂ ਇਲਾਕਿਆਂ ਦੇ ਇੰਚਾਰਜ (ਮਸੰਦ ਜਾਂ ਮਹੰਤ) ਆਪਣੇ ਆਪ ਨੂੰ ਗੁਰੂ ਦੇ ਬਰਾਬਰ ਪੇਸ਼ ਕਰਨ ਲੱਗ ਪਏ ਸਨ। ਉਹ ਸੰਗਤ ਨੂੰ ਗੁਮਰਾਹ ਕਰਦੇ ਸਨ ਅਤੇ ਮਾਇਆ ਦੇ ਲਾਲਚ ਵਿੱਚ ਭ੍ਰਿਸ਼ਟ ਹੋ ਚੁੱਕੇ ਸਨ। ਗੁਰੂ ਜੀ ਚਾਹੁੰਦੇ ਸਨ ਕਿ ਸਿੱਖ ਕਿਸੇ ਵਿਚੋਲੇ ਜਾਂ ਭ੍ਰਿਸ਼ਟ ਬੰਦੇ ਦੇ ਲੜ ਲੱਗਣ ਦੀ ਬਜਾਏ ਸਿੱਧਾ ਪਰਮਾਤਮਾ ਅਤੇ ਗੁਰੂ ਨਾਲ ਜੁੜਨ। ਖ਼ਾਲਸਾ ਸਾਜ ਕੇ ਗੁਰੂ ਜੀ ਨੇ ਇਨ੍ਹਾਂ ਵਿਚੋਲਿਆਂ (ਮਸੰਦਾਂ) ਦੀਆਂ ਚੌਧਰਾਂ ਨੂੰ ਹਮੇਸ਼ਾ ਲਈ ਖਤਮ ਕਰ ਦਿੱਤਾ।

**3. ਦੇਹਧਾਰੀ ਗੁਰੂ ਦੀ ਬਜਾਏ 'ਸ਼ਬਦ' ਦੀ ਅਗਵਾਈ**

ਗੁਰੂ ਗੋਬਿੰਦ ਸਿੰਘ ਜੀ ਨਹੀਂ ਚਾਹੁੰਦੇ ਸਨ ਕਿ ਆਉਣ ਵਾਲੇ ਸਮੇਂ ਵਿੱਚ ਲੋਕ ਕਿਸੇ ਇਨਸਾਨ ਦੀ ਦੇਹ ਨੂੰ ਪੂਜਣ ਲੱਗ ਜਾਣ ਅਤੇ ਗੁਮਰਾਹ ਹੋਣ। ਇਸੇ ਲਈ ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਗੁਰੂ ਦਾ ਰੁਤਬਾ ਦਿੱਤਾ ਅਤੇ ਅੰਤ ਵਿੱਚ ਗੁਰਗੱਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' (ਸ਼ਬਦ-ਗੁਰੂ) ਨੂੰ ਸੌਂਪੀ। ਖ਼ਾਲਸੇ ਦਾ ਮਤਲਬ ਹੀ 'ਸਿੱਧਾ' ਜਾਂ 'ਆਜ਼ਾਦ' ਹੈ—ਉਹ ਜੋ ਕਿਸੇ ਦੁਨਿਆਵੀ ਦੇਹਧਾਰੀ ਦੇ ਅਧੀਨ ਨਹੀਂ, ਸਗੋਂ ਸਿਰਫ਼ ਅਕਾਲ ਪੁਰਖ ਦਾ ਹੈ।

**ਖ਼ਾਲਸਾ ਸਾਜਨਾ ਦਾ ਮਹੱਤਵ (Significance)**

ਜਾਤ-ਪਾਤ ਦਾ ਮੁਕੰਮਲ ਖਾਤਮਾ: ਅੰਮ੍ਰਿਤ ਛਕਾਉਣ ਸਮੇਂ ਗੁਰੂ ਜੀ ਨੇ ਸਭ ਦੇ ਪੁਰਾਣੇ ਕੁਲ, ਜਾਤ ਅਤੇ ਧਰਮ ਦੀਆਂ ਵੰਡੀਆਂ ਮਿਟਾ ਕੇ ਸਾਰਿਆਂ ਨੂੰ 'ਸਿੰਘ' ਅਤੇ 'ਕੌਰ' ਦੇ ਰੂਪ ਵਿੱਚ ਇੱਕ ਪਰਿਵਾਰ ਬਣਾ ਦਿੱਤਾ। ਜ਼ੁਲਮ ਵਿਰੁੱਧ ਹਥਿਆਰਬੰਦ ਸੰਘਰਸ਼: ਖ਼ਾਲਸਾ ਇੱਕ ਅਜਿਹਾ ਸੰਤ-ਸਿਪਾਹੀ ਸੀ ਜੋ ਅਧਿਆਤਮਿਕ ਤੌਰ 'ਤੇ ਉੱਚਾ ਸੀ ਪਰ ਜ਼ੁਲਮ ਨੂੰ ਰੋਕਣ ਲਈ ਸ਼ਸਤਰ ਚੁੱਕਣ ਦੀ ਹਿੰਮਤ ਵੀ ਰੱਖਦਾ ਸੀ। ਮਨੁੱਖੀ ਅਧਿਕਾਰਾਂ ਦੀ ਰਾਖੀ: ÷ਮਾਣਸ ਕੀ ਜਾਤ ਸਬੈ ਏਕੈ ਪਹਿਚਾਨਬੋ÷ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਗਿਆ। ਨਿਆਰੀ ਪਛਾਣ: ਪੰਜ ਕਕਾਰਾਂ ਰਾਹੀਂ ਸਿੱਖ ਨੂੰ ਇੱਕ ਅਜਿਹੀ ਦਿੱਖ ਬਖਸ਼ੀ ਗਈ ਜੋ ਉਸ ਨੂੰ ਸਵੈ-ਮਾਣ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦੀ ਹੈ। ਗੁਰੂ ਜੀ ਨੇ ਖ਼ਾਲਸੇ ਨੂੰ 'ਪੰਜ ਕਕਾਰ' (ਕਛਹਿਰਾ, ਕੜਾ, ਕਿਰਪਾਨ, ਕੰਘਾ, ਕੇਸ) ਬਖਸ਼ ਕੇ ਇੱਕ ਨਿਆਰੀ ਪਛਾਣ ਦਿੱਤੀ। ਇਸ ਨਾਲ ਸਿੱਖ ਹਜ਼ਾਰਾਂ ਦੀ ਭੀੜ ਵਿੱਚ ਵੀ ਵੱਖਰਾ ਪਛਾਣਿਆ ਜਾਣ ਲੱਗਾ ਅਤੇ ਉਸ ਵਿੱਚ ਸਵੈ-ਮਾਣ ਦੀ ਭਾਵਨਾ ਪੈਦਾ ਹੋਈ। ਵਿਸਾਖੀ ਦਾ ਦਿਹਾੜਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਖ਼ਾਲਸਾ ਪੰਥ ਕਿਸੇ ਖਾਸ ਧਰਮ ਦੇ ਵਿਰੁੱਧ ਨਹੀਂ, ਸਗੋਂ ਜ਼ੁਲਮ ਅਤੇ ਸਮਾਜਿਕ ਵੰਡੀਆਂ ਦੇ ਵਿਰੁੱਧ ਸਿਰਜਿਆ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਅਜਿਹੀ ਆਜ਼ਾਦ ਸੋਚ ਦਿੱਤੀ ਜਿਸ ਵਿੱਚ ਕਿਸੇ ਵਿਚੋਲੇ (ਮਹੰਤ) ਦੀ ਲੋੜ ਨਹੀਂ, ਸਿਰਫ਼ ਸੱਚੇ ਆਚਰਣ ਅਤੇ ਅਕਾਲ ਪੁਰਖ ਦੇ ਭੈਅ ਵਿੱਚ ਰਹਿ ਕੇ ਮਨੁੱਖਤਾ ਦੀ ਸੇਵਾ ਕਰਨੀ ਹੀ ਅਸਲ ਧਰਮ ਹੈ।3. ਮਨੁੱਖੀ ਅਧਿਕਾਰਾਂ ਦੀ ਰਾਖੀ ਖ਼ਾਲਸੇ ਦਾ ਮਨੋਰਥ ਕੇਵਲ ਸਿੱਖਾਂ ਦੀ ਰੱਖਿਆ ਕਰਨਾ ਨਹੀਂ ਸੀ, ਸਗੋਂ ਹਰ ਉਸ ਇਨਸਾਨ ਦੀ ਮਦਦ ਕਰਨਾ ਸੀ ਜਿਸ 'ਤੇ ਜ਼ੁਲਮ ਹੋ ਰਿਹਾ ਹੋਵੇ। ÷ਮਾਣਸ ਕੀ ਜਾਤ ਸਬੈ ਏਕੈ ਪਹਿਚਾਨਬੋ÷ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਗਿਆ।

## ਬਾਹਰੋਂ ਹੀ ਆਵੇ

ਤੱਕਕੇ ਤੜਪਦੇ ਆਪਣੇ ਵਤਨ ਦੇ ਲੋਕਾਂ ਨੂੰ ,
ਕਿਉਂ ਮੈਂ ਸ਼ਰਮਸ਼ਾਰ ਹਾਂ ਆਪਣੀਆ ਸੋਚਾਂ ਦੇ ।
ਹਰ ਰੋਜ਼ ਘਰੋਂ ਨਿਕਲਦੇ ਹਾਂ ਲੁੱਟ ਜਾਣ ਨੂੰ ,
ਜ਼ਰੂਰੀ ਨਹੀਂ ਗਜਨੀ ਹਰ ਵਾਰ ਬਾਹਰੋਂ ਹੀ ਆਵੇ ।।

ਖ਼ੁਦ ਅੰਗਰੇਜਾ ਦਾ ਬਾਣਾ ਪਾ ,ਅੰਗਰੇਜ਼ ਬਣੇ ਹਾਂ ,
ਭੁਲਾ ਬੈਠੇ ਹਾਂ ਮੱਕੀ ਦੀ ਰੋਟੀ ਤੇ ਸਰੋ ਦਾ ਸਾਂਗ ।
ਖਾਂਦੇ ਹਾਂ ਪੀਜੇ ਬਰਗਰ ਰੋਟੀ ਨੂੰ ਪੁਠ ਦੇਕੇ ,
ਉਪਜ ਸਾਡੀ ਤੇ ਲੁੱਟਣ ਉਹ ਬਾਹਰੋਂ ਹੀ ਆਵੇ ।।

ਮਹਫਿਲ ਨਹੀਂ ਪਾਰਟੀ ਦਾ ਪਹਿਰਾਵਾ ਹੈ ,
ਮੇਰੀ ਪਹਿਚਾਣ ਨੂੰ ਪਰਦੇਸਾ ਦੀ ਪਾਣ ਲੱਗੀ ।
ਖ਼ੁਦ ਪਾੜਦੇ ਹਾਂ ਲਿੜੇ ਅਮੀਰ ਵਿਰਾਸਤ ਦੇ ,
ਜ਼ਰੂਰੀ ਨਹੀਂ ਲਿਰੋਲੀਰ ਕਰਨ ਬਾਹਰੋਂ ਹੀ ਆਵੇ ।।

ਭਰਮਾਏ ਜਾਣ ਦੀ ਆਦਤ ਸਾਡੀ ਪੁਰਾਣੀ ਹੈ ,
ਅਚੰਬੀਤ ਗੱਲਾਂ ਸਾਨੂੰ ਅਕਸਰ ਭਰਮਾਂਦਿਆ ਨੇ ।
ਆਪਣੀਆ ਦੀ ਲੁੱਟ ਨੂੰ ਅਕਸਰ ਹਾਂ ਮਾਣਦੇ ,
ਜ਼ਰੂਰੀ ਨਹੀਂ ਮਦਾਰੀ ਹਰ ਵਾਰ ਬਾਹਰੋਂ ਹੀ ਆਵੇ ।

**ਜੱਸੀ ਢਿੱਲੋਂ, ਨਿਊਯਾਰਕ**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026




# ਭਾਰਤ ਦੇ ਮਹਾਨ ਨਾਇਕ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ 'ਤੇ ਸਮਾਨਤਾ ਅਤੇ ਇਨਸਾਫ਼ ਦੀ ਲਹਿਰ

ਭਾਰਤ ਦੇ ਮਹਾਨ ਸਪੂਤ, ਵਿਸ਼ਵ ਰਤਨ ਅਤੇ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਅੱਜ ਪੂਰੇ ਵਿਸ਼ਵ ਭਰ ਵਿੱਚ ਇਕ ਇਨਕਲਾਬੀ ਜਸ਼ਨ ਵਜੋਂ ਮਨਾਇਆ ਜਾ ਰਿਹਾ ਹੈ। ਪੰਜਾਬ ਦੇ ਕੋਨੇ-ਕੋਨੇ ਵਿੱਚ, ਹਰ ਪਿੰਡ ਦੀ ਸੱਥ ਤੋਂ ਲੈ ਕੇ ਸ਼ਹਿਰਾਂ ਦੇ ਹਰ ਮੁਹੱਲੇ ਤੱਕ ਨੀਲੇ ਰੰਗ ਦੀਆਂ ਲਹਿਰਾਂ ਦਿਖਾਈ ਦੇ ਰਹੀਆਂ ਹਨ, ਜੋ ਇਸ ਮਹਾਨ ਨਾਇਕ ਪ੍ਰਤੀ ਲੋਕਾਂ ਦੇ ਅਥਾਹ ਪਿਆਰ, ਸਤਿਕਾਰ ਅਤੇ ਸਮਰਪਣ ਦਾ ਪ੍ਰਤੀਕ ਹਨ। ਇਹ ਦਿਹਾੜਾ ਸਿਰਫ਼ ਇਕ ਮਹਾਨ ਵਿਅਕਤੀ ਦੀ ਯਾਦ ਨਹੀਂ, ਸਗੋਂ ਸਮਾਜਿਕ ਇਨਸਾਫ਼, ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਦਾ ਪ੍ਰਤੀਕ ਹੈ। ਬਾਬਾ ਸਾਹਿਬ ਦਾ ਜੀਵਨ ਸਿਰਫ਼ ਇਕ ਵਿਅਕਤੀ ਦੀ ਕਹਾਣੀ ਨਹੀਂ, ਸਗੋਂ ਇਹ ਸਦੀਆਂ ਤੋਂ ਪੀੜਤ, ਸ਼ੋਸ਼ਿਤ ਅਤੇ ਹਾਸਿਏ 'ਤੇ ਧੱਕੇ ਖਾਂਦੇ ਆ ਰਹੇ ਲੋਕਾਂ ਦੀ ਇਜ਼ਤ ਅਤੇ ਸਵੈ-ਮਾਣ ਦੀ ਬਹਾਲੀ ਦਾ ਇਕ ਜਿਊਂਦਾ-ਜਾਗਦਾ ਦਸਤਾਵੇਜ਼ ਹੈ। ਉਨ੍ਹਾਂ ਦਾ ਜਨਮ 14 ਅਪ੍ਰੈਲ 1891 ਨੂੰ ਮਹੂ ਵਿੱਚ ਹੋਇਆ ਸੀ ਅਤੇ ਇਸ ਛੋਟੇ ਜਿਹੇ ਸ਼ਹਿਰ ਤੋਂ ਸ਼ੁਰੂ ਹੋਇਆ ਇਹ ਸਫ਼ਰ ਭਾਰਤ ਦੇ ਇਤਿਹਾਸ ਨੂੰ ਹਮੇਸ਼ਾ ਲਈ ਬਦਲ ਗਿਆ। ਬੇਅੰਤ ਮੁਸ਼ਕਲਾਂ, ਭੇਦਭਾਵ ਅਤੇ ਅਪਮਾਨ ਦਾ ਸਾਹਮਣਾ ਕਰਦੇ ਹੋਏ ਵੀ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ ਅਤੇ ਆਪਣੇ ਹੱਕਾਂ ਲਈ ਲੜਨ ਦਾ ਹੁਨਰ ਸਿੱਖਿਆ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਾਜਿਕ ਬੁਰਾਈਆਂ, ਜਾਤ-ਪਾਤ ਦੇ ਕੋਹੜ ਅਤੇ ਅਨਿਆਂ ਦੇ ਖ਼ ?ਲਾਫ਼ ਸੰਘਰਸ਼ ਕਰਦਿਆਂ ਬਿਤਾਇਆ। ਬਾਬਾ ਸਾਹਿਬ ਨੇ ਸਾਨੂੰ ਇਹ ਸਮਝਾਇਆ ਕਿ ਗੁਲਾਮੀ ਦੀਆਂ ਜੰਜੀਰਾਂ ਉਦੋਂ ਤੱਕ ਨਹੀਂ ਟੁੱਟਦੀਆਂ ਜਦ ਤੱਕ ਗੁਲਾਮ ਨੂੰ ਆਪਣੀ ਗੁਲਾਮੀ ਦਾ ਅਹਿਸਾਸ ਨਾ ਹੋਵੇ। ਉਨ੍ਹਾਂ ਨੇ ਸਿੱਖਿਆ ਨੂੰ ਸਭ ਤੋਂ ਵੱਡਾ ਹਥਿਆਰ ਮੰਨਿਆ ਅਤੇ ਉਨ੍ਹਾਂ ਦਾ ਪ੍ਰਸਿੱਧ ਨਾਰਾ 'ਸ਼ਿਕਸ਼ਾ ਉਹ ਸ਼ੇਰਨੀ ਦਾ ਦੁੱਧ ਹੈ, ਜੋ ਪੀਵੇਗਾ ਉਹ ਦਹਾੜੇਗਾ' ਅੱਜ ਵੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਦੇ ਇਸੇ ਸੁਨੇਹੇ ਸਦਕਾ ਅੱਜ ਪਿੰਡਾਂ ਵਿੱਚ ਮਜ਼ਦੂਰਾਂ ਅਤੇ ਕਿਸਾਨਾਂ ਦੇ ਬੱਚੇ ਪੜ੍ਹ-ਲਿਖ ਕੇ ਉੱਚੇ ਅਹੁਦਿਆਂ 'ਤੇ ਪਹੁੰਚ ਰਹੇ ਹਨ ਅਤੇ ਸਮਾਜ ਵਿੱਚ ਆਪਣੀ ਪਛਾਣ ਬਣਾ ਰਹੇ ਹਨ। ਭਾਰਤੀ ਸੰਵਿਧਾਨ ਦੇ ਨਿਰਮਾਤਾ ਵਜੋਂ ਡਾ. ਅੰਬੇਦਕਰ ਜੀ ਨੇ ਸਾਨੂੰ ਵੋਟ ਦਾ ਅਧਿਕਾਰ ਦਿੱਤਾ, ਜਿਸ ਨੇ ਰਾਜੇ ਅਤੇ ਰੰਕ ਨੂੰ ਇੱਕੋ ਕਤਾਰ ਵਿੱਚ ਖੜ੍ਹਾ ਕਰ ਦਿੱਤਾ। ਇਹ ਸਿਰਫ਼ ਇੱਕ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਇਹ ਹਰ ਭਾਰਤੀ ਲਈ ਬਰਾਬਰੀ, ਅਜ਼ਾਦੀ ਅਤੇ ਨਿਆਂ ਦੀ ਗਾਰੰਟੀ ਹੈ। ਉਨ੍ਹਾਂ ਦੀ ਦੂਰਦਰਸ਼ਤਾ ਨੇ ਭਾਰਤ ਨੂੰ ਇੱਕ ਮਜ਼ਬੂਤ ਲੋਕਤੰਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਔਰਤਾਂ ਦੀ ਆਜ਼ਾਦੀ ਅਤੇ ਅਧਿਕਾਰਾਂ ਲਈ ਵੀ ਵੱਡੇ ਯੋਗਦਾਨ ਦਿੱਤੇ। 'ਹਿੰਦੂ ਕੋਡ ਬਿੱਲ' ਰਾਹੀਂ ਉਨ੍ਹਾਂ ਨੇ ਔਰਤਾਂ ਨੂੰ ਸੰਪਤੀ, ਵਿਆਹ ਅਤੇ ਤਲਾਕ ਵਰਗੇ ਮੌਲਿਕ ਹੱਕ ਦਿਵਾਉਣ ਦੀ ਕੋਸ਼ਿਸ਼ ਕੀਤੀ। ਇਹ ਉਨ੍ਹਾਂ ਦੀ ਸੋਚ ਦੀ ਵਿਸ਼ਾਲਤਾ ਦਾ ਸਬੂਤ ਹੈ ਕਿ ਉਹ ਸਿਰਫ਼ ਇਕ ਵਰਗ ਲਈ ਨਹੀਂ, ਸਗੋਂ ਸਮੂਹ ਮਨੁੱਖਤਾ ਲਈ ਸੋਚਦੇ ਸਨ। ਇਸੇ ਲਈ ਉਨ੍ਹਾਂ ਨੂੰ ਸਿਰਫ਼ ਦਲਿਤਾਂ ਦਾ ਹੀ ਨਹੀਂ, ਸਗੋਂ ਸਮੁੱਚੀ ਮਨੁੱਖਤਾ ਦਾ ਰਹਿਬਰ ਮੰਨਿਆ ਜਾਂਦਾ ਹੈ। ਆਰਥਿਕ ਮੈਦਾਨ ਵਿੱਚ ਵੀ ਉਨ੍ਹਾਂ ਦਾ ਯੋਗਦਾਨ ਕਾਬਿਲ-ਏ-ਤਾਰੀਫ਼ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਸਥਾਪਨਾ ਲਈ ਉਨ੍ਹਾਂ ਦੇ ਵਿਚਾਰ ਅਤੇ ਯੋਜਨਾਵਾਂ ਮਹੱਤਵਪੂਰਨ ਸਾਬਤ ਹੋਏ। ਉਨ੍ਹਾਂ ਨੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਪਾਣੀ ਦੇ ਸਰੋਤਾਂ ਦੇ ਸੁਚੱਜੇ ਪ੍ਰਬੰਧ, ਉਦਯੋਗੀਕਰਨ ਅਤੇ ਬਿਜਲੀ ਦੇ ਵਿਕਾਸ 'ਤੇ ਜ਼ੋਰ ਦਿੱਤਾ, ਜੋ ਅੱਜ ਵੀ ਦੇਸ਼ ਦੀ ਤਰੱਕੀ ਦੇ ਮੂਲ ਅਧਾਰ ਹਨ। ਅੱਜ ਦੇ ਸਮੇਂ ਵਿੱਚ ਜਦੋਂ ਅਸੀਂ ਉਨ੍ਹਾਂ ਦਾ ਜਨਮ ਦਿਹਾੜਾ ਮਨਾਉਂਦੇ ਹਾਂ, ਤਾਂ ਸਾਨੂੰ ਸਿਰਫ਼ ਜਸ਼ਨ ਮਨਾਉਣ ਤੱਕ ਸੀਮਿਤ ਨਹੀਂ ਰਹਿਣਾ ਚਾਹੀਦਾ, ਸਗੋਂ ਉਨ੍ਹਾਂ ਦੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਲੋੜ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਨਿਕਲ ਰਹੀਆਂ ਪ੍ਰਭਾਤ ਫੇਰੀਆਂ, ਲੱਗ ਰਹੇ ਜੈਕਾਰੇ ਅਤੇ ਹੋ ਰਹੇ ਸਮਾਗਮ ਉਸ ਸਮਾਜਿਕ ਜਾਗਰੂਕਤਾ ਦਾ ਪ੍ਰਤੀਕ ਹਨ ਜੋ ਉਨ੍ਹਾਂ ਨੇ ਜਨਮ ਦਿੱਤੀ ਸੀ। ਪਰ ਅਸਲ ਸਤਿਕਾਰ ਤਾਂ ਉਸ ਵੇਲੇ ਹੋਵੇਗਾ ਜਦੋਂ ਅਸੀਂ ਅੰਧ-ਵਿਸ਼ਵਾਸਾਂ ਨੂੰ ਛੱਡ ਕੇ ਵਿਗਿਆਨਕ ਸੋਚ ਅਪਣਾਵਾਂਗੇ ਅਤੇ ਉਨ੍ਹਾਂ ਦੇ ਦਿੱਤੇ ਨਾਅਰੇ 'ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ' ਨੂੰ ਅਮਲ ਵਿੱਚ ਲਿਆਵਾਂਗੇ। ਇਹ ਵੀ ਜ਼ਰੂਰੀ ਹੈ ਕਿ ਅਸੀਂ ਅੱਜ ਦੇ ਦਿਨ ਸਮਾਜ ਵਿੱਚ ਫੈਲੀ ਅਸਮਾਨਤਾਵਾਂ ਨੂੰ ਖਤਮ ਕਰਨ ਦਾ ਸੰਕਲਪ ਕਰੀਏ। ਬਾਬਾ ਸਾਹਿਬ ਦਾ ਸੁਪਨਾ ਇਕ ਅਜਿਹਾ ਸਮਾਜ ਸੀ ਜਿੱਥੇ ਕਿਸੇ ਨਾਲ ਭੇਦਭਾਵ ਨਾ ਹੋਵੇ, ਜਿੱਥੇ ਹਰ ਵਿਅਕਤੀ ਨੂੰ ਉਸਦੀ ਮਿਹਨਤ ਅਤੇ ਯੋਗਤਾ ਦੇ ਅਧਾਰ 'ਤੇ ਮਾਣ ਮਿਲੇ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਸਿਰਫ਼ ਕਾਗਜ਼ਾਂ 'ਤੇ ਹੀ ਨਹੀਂ, ਸਗੋਂ ਹਕੀਕਤ ਵਿੱਚ ਵੀ ਨਜ਼ਰ ਆਵੇ। ਸੋ, ਅੱਜ ਦਾ ਇਹ ਪਵਿੱਤਰ ਦਿਹਾੜਾ ਸਾਨੂੰ ਆਪਣੇ ਇਤਿਹਾਸ ਨੂੰ ਯਾਦ ਕਰਨ, ਆਪਣੇ ਅਧਿਕਾਰਾਂ ਨੂੰ ਸਮਝਣ ਅਤੇ ਆਪਣੇ ਭਵਿੱਖ ਨੂੰ ਸੰਵਾਰਨ ਦਾ ਮੌਕਾ ਦਿੰਦਾ ਹੈ। ਬਾਬਾ ਸਾਹਿਬ ਦੀ ਸੋਚ ਸਿਰਫ਼ ਭਾਰਤ ਤੱਕ ਸੀਮਿਤ ਨਹੀਂ, ਸਗੋਂ ਪੂਰੀ ਦੁਨੀਆ ਵਿੱਚ ਮਨੁੱਖੀ ਅਧਿਕਾਰਾਂ ਅਤੇ ਸਮਾਨਤਾ ਦੀ ਪ੍ਰੇਰਣਾ ਦੇ ਰਹੀ ਹੈ। ਆਓ, ਅਸੀਂ ਸਾਰੇ ਮਿਲ ਕੇ ਇਸ ਮਹਾਨ ਵਿਅਕਤੀ ਦੇ ਚਰਨਾਂ ਵਿੱਚ ਸੀਸ ਨਿਵਾਈਏ ਅਤੇ ਉਨ੍ਹਾਂ ਵੱਲੋਂ ਦਿੱਤੇ ਲੋਕਤੰਤਰ ਅਤੇ ਅਧਿਕਾਰਾਂ ਦੀ ਰਾਖੀ ਕਰਨ ਦਾ ਅਹਿਦ ਕਰੀਏ।




**ਜੈ ਭੀਮ, ਜੈ ਭਾਰਤ**
**ਸੁਖਵਿੰਦਰ ਸਿੰਘ ਹੈਪੀ**
**ਮੋਰਿੰਡਾ**

# ਕੀ ਅਸੀਂ ਅਜ਼ਾਦ ਸੋਚ ਦੇ ਧਾਰਨੀ ਹਾਂ

ਕਹਿਣ ਨੂੰ ਤਾਂ ਅੱਜ ਮਨੁੱਖ ਚਾਹੇ ਆਪਣੇ ਆਪ ਨੂੰ ਬਹੁਤ ਅਜ਼ਾਦ ਖ਼ ?ਆਲੀ ਸਮਝਕੇ ਬਹੁਤ ਮਾਡਰਨ ਹੋਣ ਦਾ ਦਾਅਵਾ ਕਰਦਾ ਹੈ ਪਰ ਉਸ ਦੀ ਸੋਚ ਅਜ਼ਾਦ ਕਿੱਥੇ ਹੈ ? ਉਸ ਦੀ ਸੋਚ ਉੱਤੇ ਤਾਂ ਹਰ ਵੇਲੇ ਦੂਜਿਆਂ ਦੀ ਸੋਚ ਭਾਰੂ ਰਹਿੰਦੀ ਹੈ ਜਦ ਕਿ ਇਸ ਗੱਲੋਂ ਉਹ ਆਪ ਵੀ ਅਣਜਾਣ ਹੁੰਦਾ ਹੈ। ਅਸੀਂ ਹਰ ਕੰਮ ਕਰਨ ਤੋਂ ਪਹਿਲਾਂ ਜੋ ਸੋਚਦੇ ਹਾਂ ਉਸ ਸਮੇਂ ਆਪਣੇ ਦਿਮਾਗ ਵਿੱਚ ਦੂਜਿਆਂ ਦੀ ਸੋਚ ਨੂੰ ਮੁੱਖ ਰੱਖ ਕੇ ਹੀ ਉਹ ਕੰਮ ਕਰਦੇ ਹਾਂ, ਅਸੀਂ ਜੋ ਪਹਿਨਦੇ ਹਾਂ ਉਸ ਸਮੇਂ ਵੀ ਇਹੀ ਸੋਚ ਕੇ ਪਹਿਨਦੇ ਹਾਂ ਕਿ ਕਿੰਨੇ ਕੁ ਲੋਕਾਂ ਨੂੰ ਇਹ ਪਸੰਦ ਆਏਗਾ, ਜੋ ਬਣਾਉਂਦੇ ਹਾਂ ਉਸ ਬਾਰੇ ਵੀ ਕੁਝ ਸੋਚ ਕਿਸੇ ਦੀ ਨਕਲ ਕਰਨ ਦੀ ਹੁੰਦੀ ਹੈ ਤੇ ਕੁਝ ਸੋਚ ਵਿੱਚ ਹੁੰਦਾ ਹੈ ਕਿ ਕਿੰਨੇ ਕੁ ਲੋਕ ਉਸ ਨੂੰ ਵੇਖ ਕੇ ਖ਼ੁਸ਼ ਹੋਣਗੇ ਅਤੇ ਕਿੰਨੇ ਕੁ ਸੜਨਗੇ। ਹੋਰ ਤਾਂ ਛੱਡੋ ਆਪਣੇ ਘਰ ਦੀ ਚਾਰਦੀਵਾਰੀ ਦੇ ਅੰਦਰ ਦਾ ਮਾਹੌਲ ਸਿਰਜਣ ਸਮੇਂ ਵੀ ਸਾਡੀ ਸੋਚ ਉੱਤੇ ਲੋਕਾਂ ਦੀ ਸੋਚ ਭਾਰੂ ਹੁੰਦੀ ਹੈ। ਇੱਕ ਵਾਰ ਇੱਕ ਪਤੀ-ਪਤਨੀ ਇੱਕ ਵੱਡੇ ਸ਼ਹਿਰ ਵਿੱਚ ਇੱਕ ਵਧੀਆ ਘਰ ਵਿੱਚ ਆਪਣੀ ਪੰਜ ਸਾਲਾ ਧੀ ਨਾਲ ? ਰਹਿੰਦੇ ਸਨ। ਪਤਨੀ ਰਮਾ ਵੀ ਬਹੁਤ ਪੜ੍ਹੀ ਲਿਖੀ ਹੋਈ ਸੀ ਤੇ ਅਫਸਰ ਲੱਗੀ ਹੋਈ ਸੀ ਤੇ ਪਤੀ ਸੰਜੀਵ ਵੀ ਪੜ੍ਹਿ ਆ ਲਿਖਿਆ ਹੋਇਆ ਵੱਡਾ ਅਫ਼ਸਰ ਲੱਗਿਆ ਹੋਇਆ ਸੀ। ਪਰ ਪਤਨੀ ਦੀ ਕਮਾਈ ਪਤੀ ਤੋਂ ਜ਼ਿਆਦਾ ਹੋਣ ਕਰਕੇ ਉਹ ਉਸ ਨੂੰ ਗੱਲ ਗੱਲ ਵਿੱਚ ਉਸ ਦੀ ਉਸ ਤੋਂ ਤਨਖਾਹ ਘੱਟ ਹੋਣ ਦਾ ਅਹਿਸਾਸ ਦਿਵਾਉਂਦੀ ਸੀ। ਜਦ ਕਿ ਉਹਨਾਂ ਦੀ ਆਰਥਿਕ ਸਥਿਤੀ ਬਹੁਤ ਮਜ਼ਬੂਤ ਸੀ। ਪਤੀ ਅੱਗੋਂ ਉਸ ਨੂੰ ਪਲਟ ਕੇ ਕੋਈ ਜਵਾਬ ਨਾ ਦਿੰਦਾ। ਪਰ ਮਨੁੱਖੀ ਮਨ ਅਕਸਰ ਅੰਦਰ ਹੀ ਅੰਦਰ ਕਿੰਨਾ ਚਿਰ ਇਹਨਾਂ ਗੱਲਾਂ ਦੇ ਜਵਾਬ ਲੱਭਣ ਲਈ ਆਪਣੇ ਆਪ ਨਾਲ ਲੜਦਾ ਰਹਿੰਦਾ ਹੈ। ਪਤੀ ਦੇ ਮਨ ਵਿੱਚ ਪਤਾ ਨਹੀਂ ਕੀ ਆਈ ਕਿ ਇੱਕ ਸ਼ਾਮ ਜਦੋਂ ਪਤਨੀ ਆਫਿਸ ਤੋਂ ਆਈ ਤਾਂ ਉਸ ਨੂੰ ਮੇਜ਼ ਤੇ ਇੱਕ ਖ਼ਤ ਤੇ ਉਸ ਉੱਪਰ ਉਸ ਦੇ ਪਤੀ ਦਾ ਬਟੂਆ ਤੇ ਫ਼ੋਨ ਮਿਲਿਆ। ਉਸ ਨੇ ਘਬਰਾਹਟ ਵਿੱਚ ਜਲਦੀ ਨਾਲ ਖਤ ਖੋਲ੍ਹ ਕੇ ਪੜ੍ਹਿ ਆ ਤਾਂ ਉਸ ਵਿੱਚ ਲਿਖਿਆ ਸੀ,÷ਰਮਾ...ਤੂੰ ਬਹੁਤ ਕਮਾਉਂਦੀ ਹੈਂ..... ਮੈਨੂੰ ਪਤਾ ਹੈ ਤੂੰ ਮੇਰੀ ਧੀ ਦੀ ਪਰਵਰਿਸ਼ ਬਹੁਤ ਵਧੀਆ ਢੰਗ ਨਾਲ ਕਰ ਸਕਦੀ ਹੈਂ.... ਹੁਣ ਤਾਂ ਮੈਨੂੰ ਵੀ ਅਹਿਸਾਸ ਹੋਣ ਲੱਗ ਪਿਆ ਹੈ ਕਿ ਮੈਂ ਤਨਖਾਹ ਦੇ ਮੁਕਾਬਲੇ ਵਿੱਚ ਤੇਰੀ ਬਰਾਬਰੀ ਨਹੀਂ ਕਰ ਸਕਦਾ.... ਇਸ ਲਈ ਮੈਂ ਪੰਦਰਾਂ ਦਿਨ ਪਹਿਲਾਂ ਹੀ ਨੌਕਰੀ ਛੱਡ ਦਿੱਤੀ ਸੀ ਜੋ ਪੈਸਾ ਮੈਨੂੰ ਮਿਲਿਆ ਸੀ ਉਹ ਮੈਂ ਆਪਣੀ ਧੀ ਦੇ ਖ਼ਾਤੇ ਵਿੱਚ ਜਮ ?ਹਾਂ ਕਰਵਾ ਦਿੱਤਾ ਸੀ......ਮੈਂ ਜਿੱਥੇ ਵੀ ਰਹਾਂਗਾ.... ਠੀਕ ਠਾਕ ਰਹਾਂਗਾ..... ਤੁਸੀਂ ਮੇਰੀ ਚਿੰਤਾ ਨਾ ਕਰਨਾ..... ਹੁਣ ਮੈਂ ਪਰਤ ਕੇ ਕਦੇ ਤੁਹਾਡੀ ਜ਼ਿੰਦਗੀ ਵਿੱਚ ਵਾਪਸ ਨਹੀਂ ਆਵਾਂਗਾ....!÷ ਰਮਾ ਨੇ ਬਹੁਤ ਕੋਸ਼ਿਸ਼ ਕੀਤੀ ਪਰ ਸੰਜੀਵ ਕਦੇ ਪਰਤ ਕੇ ਨਾ ਆਇਆ। ਉਹ ਸੰਜੀਵ ਦੇ ਪਰਤਣ ਦਾ ਇੰਤਜ਼ਾਰ ਕਰਦੀ ਰਹਿੰਦੀ..... ਤੇ ਆਪਣੀ ਕੀਤੀ ਤੇ ਬਹੁਤ ਪਛਤਾਉਂਦੀ ਰਹਿੰਦੀ । ਗੱਲ ਵਿੱਚੋਂ ਇਹ ਸੀ ਕਿ ਜਦੋਂ ਉਹ ਆਪਣੀਆਂ ਸਹੇਲੀਆਂ ਨਾਲ ਕਿਸੇ ਪਾਰਟੀ ਦਾ ਹਿੱਸਾ ਬਣਦੀ ਸੀ ਤਾਂ ਸਾਰੀਆਂ ਆਪਣੇ ਆਪਣੇ ਪਤੀ ਦੀ ਕਮਾਈ ਆਪਣੇ ਤੋਂ ਵਧਾ ਚੜ੍ਹਾ ਕੇ ਦੱਸਦੀਆਂ ਸਨ ਤਾਂ ਇਸ ਨੂੰ ਵੀ ਲੱਗਦਾ ਸੀ ਕਿ ਉਹ ਵੀ ਆਪਣੇ ਪਤੀ ਦੀ ਕਮਾਈ ਵਧਾ ਕੇ ਦੱਸੇਗੀ ਤਾਂ ਉਸ ਦੀ ਵੀ ਆਪਣੀਆਂ ਸਹੇਲੀਆਂ ਵਿੱਚ ਵੱਖਰੀ ਟੌਹਰ ਬਣੇਗੀ ।ਪਰ ਇਸ ਝੂਠੀ ਸ਼ੋਹਰਤ ਕਮਾਉਣ ਲਈ ਆਪਣਾ ਖੁਸ਼ਹਾਲ ਪਰਿਵਾਰ ਉਜਾੜ ਲਿਆ ਸੀ ।ਇਹ ਤਾਂ ਮਹਿਜ਼ ਇੱਕ ਕਹਾਣੀ ਹੈ ਪਰ ਇਹੋ ਜਿਹੀਆਂ ਕਿੰਨੀਆਂ ਹੀ ਸੱਚੀਆਂ ਕਹਾਣੀਆਂ ਸਾਡੇ ਸਮਾਜ ਵਿੱਚ ਵਾਪਰਦੀਆਂ ਹਨ ਜੋ ਲੋਕ ਵਿਖਾਵੇ ਦੀ ਹੋੜ ਵਿੱਚ ਆਪਣੇ ਘਰ ਬਰਬਾਦ ਕਰਦੇ ਹਨ। ? ਇਸੇ ਤਰ੍ਹਾਂ ਧਰਤੀ ਉੱਤੇ ਹਰ ਮਨੁੱਖ ਆਪਣਾ ਆਪਣਾ ਕਿਰਦਾਰ ਆਪਣੇ ਪਰਿਵਾਰਕ ,ਸਮਾਜਿਕ ਅਤੇ ਆਰਥਿਕ ਸਥਿਤੀਆਂ ਅਨੁਸਾਰ ਬਤੀਤ ਕਰਦਾ ਹੈ ।ਕਿਸੇ ਦਾ ਪਰਿਵਾਰਕ ਜੀਵਨ ਕਠਿਨਾਈਆਂ ਭਰਿਆ ਹੁੰਦਾ ਹੈ ਤੇ ਕਿਸੇ ਦਾ ਜੀਵਨ ਇਸ ਪੱਖੋਂ ਸੁਖਾਲ ?ਾ ਹੁੰਦਾ ਹੈ। ਕੋਈ ਆਰਥਿਕ ਤੌਰ ਤੇ ਕਮਜ਼ੋਰ ਹੁੰਦਾ ਹੈ ਤੇ ਕੋਈ ਆਰਥਿਕ ਪੱਖੋਂ ਬਹੁਤ ਮਜ਼ਬੂਤ ਹੁੰਦਾ ਹੈ। ਕਈਆਂ ਦਾ ਸਮਾਜ ਵਿੱਚ ਬਹੁਤ ਆਦਰ ਸਤਿਕਾਰ ਹੁੰਦਾ ਹੈ ਤੇ ਕਿਸੇ ਕਿਸੇ ਵਿਅਕਤੀ ਦਾ ਸਮਾਜ ਵਿੱਚ ਅਕਸ ਧੁੰਦਲਾ ਹੁੰਦਾ ਹੈ। ਜ਼ਾਹਿਰ ਹੈ ਕਿ ਇਸ ਸਭ ਕਰਕੇ ਹਰ ? ? ਮਨੁੱਖ ਦੀ ਸੋਚ ਦਾ ਪੱਧਰ ਵੀ ਆਪਣਾ ਆਪਣਾ ਹੀ ਹੁੰਦਾ ਹੈ। ਇਹ ਸਭ ਕੁਝ ਜਾਣਦੇ ਹੋਏ, ਫਿਰ ਵੀ ਹਰ ਮਨੁੱਖ ਆਪਣੇ ਆਪ ਦਾ ਜਾਂ ਆਪਣੀਆਂ ਸਥਿਤੀਆਂ - ਪ੍ਰਸਥਿਤੀਆਂ ਦਾ ਮੁਕਾਬਲਾ ਆਪਣੇ ਕਿਸੇ ਕਰੀਬੀ ਜਾਂ ਆਪਣੇ ਆਲ ? ਦੁਆਲ ? ਵਿਚਰ ਰਹੇ ਲੋਕਾਂ ਨਾਲ ਕਰਨ ਦਾ ਯਤਨ ਕਰਦਾ ਰਹਿੰਦਾ ਹੈ। ਕਿਸੇ ਦੇ ਬੱਚਿਆਂ ਦੀਆਂ ਪ੍ਰਾਪਤੀਆਂ ਦੀ ਤੁਲਨਾ ਕਰਦੇ ਹੋਏ ਆਪਣੇ ਬੱਚਿਆਂ ਨੂੰ ਨੀਵਾਂ ਦਿਖਾਉਣਾ, ਔਰਤਾਂ ਵੱਲੋਂ ਸਹੇਲੀ ਦੇ ਪਰਿਵਾਰ ਨੂੰ ਮੁੱਖ ਰੱਖ ਕੇ ਆਪਣੀ ਜ਼ਿੰਦਗੀ ਉਸ ਨਾਲ ਜੋੜ ਕੇ ਦੇਖਣਾ, ਆਦਮੀਆਂ ਵੱਲੋਂ ਦੂਜੀਆਂ ਔਰਤਾਂ ਦੀਆਂ ਆਦਤਾਂ ਦੀ ਤਾਰੀਫ਼ ਕਰਕੇ ਆਪਣੀ ਪਤਨੀ ਨੂੰ ਨੀਵਾਂ ਦਿਖਾਉਣਾ,ਸੱਸ ਵੱਲੋਂ ਦੂਜਿਆਂ ਦੀਆਂ ਨੂੰਹਾਂ, ਨੂੰਹਾਂ ਵੱਲੋਂ ਸਹੇਲੀਆਂ ਜਾਂ ਗੁਆਂਢੀਆਂ ਦੀਆਂ ਕੁੜੀਆਂ ਦੀਆਂ ਸੱਸਾਂ ਦੀਆਂ ਗੱਲਾਂ ਦੀ ਤਾਰੀਫ਼ ਕਰਨਾ ਮਹਿਜ਼ ਇੱਕ ਆਪਣੇ ਚੰਗੇ ਭਲੇ ਵਸ ਰਹੇ ਪਰਿਵਾਰ ਨੂੰ ਕੰਡਿਆਂ ਤੇ ਪਾਉਣ ਵਾਲੀ ਗੱਲ ਹੁੰਦੀ ਹੈ। ਇਸ ਤਰ੍ਹਾਂ ਕਰਕੇ ਹਰ ਮਨੁੱਖ ਦੇ ਆਪਣੇ ਰਿਸ਼ਤਿਆਂ ਵਿੱਚ ਕੜਵਾਹਟ ਪੈਦਾ ਹੁੰਦੀ ਹੈ। ਜਦ ਕਿ ਆਪਣੇ ਆਲ ? ਦੁਆਲ ? ਵਿਚਰ ਰਹੇ ਲੋਕਾਂ ਦੀਆਂ ਗੱਲਾਂ ਕਰਨ ਨਾਲ ਕੋਈ ਲਾਭ ਤਾਂ ਨਹੀਂ ਹੋ ਸਕਦਾ। ਹਾਂ,ਐਨਾ ਜ਼ਰੂਰ ਹੈ ਕਿ ਕਿਸੇ ਦੀ ਚੰਗੀ ਆਦਤ,ਚੰਗਾ ਸੁਭਾਅ ਜਾਂ ਕੁਝ ਹੋਰ ਚੰਗੀਆਂ ਗੱਲਾਂ ਨੂੰ ਚੁੱਪ ਚੁਪੀਤੇ ਆਪਣੀ ਜ਼ਿੰਦਗੀ ਵਿੱਚ ਸ਼ਾਮਲ ਕਰਕੇ ਜ਼ਿੰਦਗੀ ਵਿੱਚ ਹੋਰ ਰੰਗ ਭਰੇ ਜਾ ਸਕਦੇ ਹਨ। ਆਪਣੇ ਪਰਿਵਾਰਕ ਰਿਸ਼ਤਿਆਂ ਉੱਪਰ ਦੂਜਿਆਂ ਦੇ ਪਰਿਵਾਰਕ ਜੀਵਨ ਦਾ ਰੰਗ ਚਾੜ੍ਹਨ ਲਈ ਆਪਣੇ ਪਰਿਵਾਰ ਦੇ ਜੀਆਂ ਨੂੰ ਉਹਨਾਂ ਦੀਆਂ ਬੁਰਾਈਆਂ ਗਿਣਾ ਗਿਣਾ ਕੇ ਜਿੱਥੇ ਮਨੁੱਖ ਆਪਣੇ ਹੀ ਪਰਿਵਾਰਕ ਰਿਸ਼ਤੇ ਨੂੰ ਬੇਇੱਜ਼ਤ ਕਰ ਰਿਹਾ ਹੁੰਦਾ ਹੈ ਉੱਥੇ ਹੀ ਆਪਣੇ ਪਰਿਵਾਰਕ ਮੈਂਬਰਾਂ ਦਾ ਮਨੋਬਲ ਗਿਰਾ ਕੇ ਉਹਨਾਂ ਨਾਲ ਆਪਣੇ ਰਿਸ਼ਤੇ ਨੂੰ ਕਮਜ਼ੋਰ ਅਤੇ ਅਰਥਹੀਣ ਕਰ ਰਿਹਾ ਹੁੰਦਾ ਹੈ। ਇਹ ਗੱਲਾਂ ਚਾਹੇ ਬੜੇ ਹੀ ਬੇਧਿਆਨੇ ਅਤੇ ਅਣਜਾਣੇ ਜਿਹੇ ਵਿੱਚ ਕੀਤੀਆਂ ਜਾਂਦੀਆਂ ਹਨ ਪਰ ਇਹ ਕਿਸੇ ਸੌ ਸਾਲ ਪੁਰਾਣੇ ਮਜ਼ਬੂਤ ਦਰਖ਼ਤ ਨੂੰ ਲੱਗੀ ਸਿਉਂਕ ਵਾਂਗ ਅੰਦਰੋਂ ਅੰਦਰ ਖ਼ਤਮ ਕਰ ਦਿੰਦੀਆਂ ਹਨ। ਆਪਣੇ ਘਰ ਪਰਿਵਾਰ ਅਤੇ ਬੱਚਿਆਂ ਦੀਆਂ ਆਦਤਾਂ ਜਾਂ ਪ੍ਰਾਪਤੀਆਂ ਵਿੱਚੋਂ ਜਦੋਂ ਆਪਣੇ ਹੀ ਪਰਿਵਾਰਾਂ ਦੇ ਵਡੇਰਿਆਂ ਦੇ ਅਕਸ ਲੱਭੇ ਜਾਂਦੇ ਹਨ ਤਾਂ ਉਨ੍ਹਾਂ ਅੰਦਰ ਖ਼ੁਸ਼ੀ ਹੁੰਦੀ ਹੈ ।ਇਸ ਤਰ੍ਹਾਂ ਕਰਨ ਨਾਲ ਨਾਲ ? ਤਾਂ ਆਪਣੇ ਬਜ਼ੁਰਗਾਂ ਪ੍ਰਤੀ ਸਤਿਕਾਰ ਵਧਦਾ ਹੈ ਅਤੇ ਨਾਲ ਹੀ ਬੱਚਿਆਂ ਵਿੱਚ ਆਪਣੇ ਪਰਿਵਾਰ ਪ੍ਰਤੀ ਮੋਹ ਦੀ ਡੋਰੀ ਜੁੜਦੀ ਹੈ। ਇਸ ਤਰ੍ਹਾਂ ਕਿਸੇ ਬੁਰੀ ਆਦਤ ਨੂੰ ਵੀ ਆਸਾਨੀ ਨਾਲ ਇਹ ਕਹਿ ਕੇ ਸੁਧਾਰਿਆ ਜਾ ਸਕਦਾ ਹੈ,÷ ਇਹ ਆਦਤ ਆਪਣੇ ਬਾਪੂ,ਚਾਚੇ ਜਾਂ ਤਾਏ,ਮਾਮੇ ਵਿੱਚ ਸੀ ,ਦੇਖ ਲਓ ਉਹਨਾਂ ਨੇ ਆਪਣੀ ਇਸ ਆਦਤ ਕਰਕੇ ਕਿੰਨਾ ਕਸ਼ਟ ਉਠਾਇਆ ਸੀ ।÷ ਇਸ ਤਰ੍ਹਾਂ ਸਮਝਾਉਣ ਨਾਲ ਉਹਨਾਂ ਦੇ ਮਨ ਵਿੱਚ ਇੱਕ ਉਦਾਹਰਣ ਸਾਹਮਣੇ ਆਏਗੀ ਜਿਸ ਨਾਲ ਕੋਈ ਵੀ ਪਰਿਵਾਰਕ ਮੈਂਬਰ ? ਅਸਾਨੀ ਨਾਲ ਉਸ ਉੱਤੇ ਅਸਰ ਕਰਨ ਦੀ ਕੋਸ਼ਿਸ਼ ਕਰੇਗਾ ।ਪਰ ਜੇ ਉਹੀ ਗੱਲ ਕਿਸੇ ਗੁਆਂਢੀ ਦੀ ਉਦਾਹਰਣ ਦੇ ਕੇ ਆਖੀ ਜਾਵੇਗੀ ਜਿਵੇਂ,÷ ਆਪਣੇ ਨਾਲਦਿਆਂ ਦਾ ਫਲਾਣਾ ਦੇਖ ਕਿੰਨਾ ਚੰਗਾ, ਤੇਰੇ ਤੋਂ ਨੀ ਉਹੋ ਜਿਹਾ ਬਣਿਆ ਜਾਂਦਾ ?÷ ਤਾਂ ਇਸ ਤਰ੍ਹਾਂ ਕੀਤੀ ਗੱਲ ਪਰਿਵਾਰਕ ਜੀਆਂ ਅੰਦਰ ਹੀਣਤਾ ਭਾਵ ਭਰਕੇ ਰੋਹ ਦੀ ਭਾਵਨਾ ਪੈਦਾ ਕਰੇਗੀ। ਜਿਸ ਨਾਲ ਪਰਿਵਾਰ ਦੇ ਜੀਆਂ ਵਿੱਚ ਜਿੱਥੇ ਨਫ਼ਰਤ ਪੈਦਾ ਹੋਣ ਲੱਗਦੀ ਹੈ ਉੱਥੇ ਉਨ੍ਹਾਂ ਲੋਕਾਂ ਪ੍ਰਤੀ ਵੀ ਈਰਖਾ ਅਤੇ ਸਾੜਾ ਪੈਦਾ ਹੁੰਦਾ ਹੈ ਜਿਨ੍ਹਾਂ ਦੇ ਨਾਲ ਤੁਲਨਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਆਪਣੇ ਪਰਿਵਾਰਕ ਅਤੇ ਸਮਾਜਿਕ ਜੀਵਨ ਨੂੰ ਖੁਸ਼ਹਾਲ ਬਣਾਈ ਰੱਖਣ ਲਈ ਇਹੋ ਜਿਹੀਆਂ ਛੋਟੀਆਂ ਛੋਟੀਆਂ ਗੱਲਾਂ ਪ੍ਰਤੀ ਸੁਚੇਤ ਰਹਿਣਾ ਜ਼ਰੂਰੀ ਹੈ ਤਾਂ ਜੋ ਅਸੀਂ ਆਪਣੀ ਜ਼ਿੰਦਗੀ ਨੂੰ ਆਪਣੇ ਹਿਸਾਬ ਨਾਲ ਜਿਉਂ ਕੇ ਆਪਣਾ ਅਤੇ ਆਪਣਿਆਂ ਦਾ ਸਤਿਕਾਰ ਵਧਾਈਏ ।

**ਬਰਜਿੰਦਰ ਕੌਰ ਬਿਸਰਾਓ...**
**9988901324**

# ਪੱਥਰ ਦਿਲ



ਬਚਿੰਤ ਕੌਰ ਮਿਲਾਪੜੀ, ਸੁਘੜ ਸਿਆਣੀ ਤੇ ਦਿਆਲੂ ਸੁਭਾਅ ਦੀ ਔਰਤ ਸੀ ।ਪੇਕੇ ਅਤੇ ਸਹੁਰੇ ਘਰ ਅੱਤ ਦੀ ਗਰੀਬੀ ਹਢਾਈ ।ਪਰ ਹਮੇਸਾ ਚੜਦੀ ਕਲਾ ਵਿੱਚ ਰਿਹ ਕੇ ਅੱਗਾ ਸਵਾਰਨ ਲਈ ਤਤਪਰ ਰਹਿੰਦੀ੍ਰ ਪਤੀ ਸੂਰਤ ਸਿੰਘ ਨਾਲ ਪਾਠੀ ਦੇ ਬੋਲਣ ਨਾਲ ਉੱਠਣ ਤੋ ਕਦੇ ਨਾਂਗਾ ਨਾ ਪਾਇਆ। ਗੁਰੂ ਘਰ ਮੱਥਾ ਟੇਕ ਕੇ ਦਿਨ ਦੀ ਸ਼ੁਰੂਆਤ ਕਰਦੇ। ਮੱਝਾਂ ਨੂੰ ਪੱਠੇ ਪਾ , ਹਾਜਰੀ ਰੋਟੀ ਪਕਾਕੇ ਦੋਵੇ ਮੁੰਡਿਆ ਤੇ ਕੁੜੀ ਨੂੰ ਸਕੂਲ ਜਾਣ ਲਈ ਤਿਆਰ ਕਰ ਦਿੰਦੀ। ਬੱਚਿਆਂ ਨੂੰ ਸਾਰੇ ਕੰਮ ਨਿਮਰਤਾ ,ਠਰੰਮੇ ਤੇ ਸਮਝ ਕੇ ਕਰਨ ਲਈ ਆਖਦੀ,ਕਾਹਲੀ ਦੇ ਕੰਮ ਨੂੰ ਸੈਤਾਨ ਦਾ ਕੰਮ ਆਖ ਭੰਡਦੀ ।ਬਾਪੂ ਨੇ ਬਚਿੰਤ ਕੁਰ ਨਾਮ ਦੋ ਭਾਰਵਾਂ ਦੀ ਇਕੱਲੀ ਭੈਣ ਹੋਣ ਕਰਕੇ ਰੱਖਿਆ ਸੀ । ਪਰ ਆਂਢਣਾ ਗੁਆਂਢਣਾ ਨੇ ਉਸ ਨੂੰ ਚਿੰਤ ਕੌਰ ਆਖ ਕੇ ਨਾਮ ਹੀ ਪਲਟ ਦਿੱਤਾ ।ਮਨੋ-ਮਨ ਸੋਚਦੀ ਸਮੇ ਦੀ ਕਰਵਟ ਦਾ ਕੀ ਭਰੋਸਾ ਕਿਤੇ ਇਹ ਚਿੰਤ ਕੁਰ ਨਾਮ ਸਿੱਧ ਹੀ ਨਾ ਹੋ ਜਾਵੇ ।ਸੂਰਤ ਸਿੰਘ ਪੂਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ ਤੇ ਆਪ ਡੰਗਰਾਂ ਦੇ ਕੰਮਕਾਰਾਂ ਵਿੱਚ ਉਲਝੀ ਰਹਿੰਦੀ ।ਬੱਚਿਆਂ ਦੀ ਪੜ੍ਹਾਈ ਨੂੰ ਪਹਿਲ ਦਿੰਦੇ ਹੋਏ ਉਹਨਾ ਦੀਆ ਜਰੂਰਤਾ ਤੇ ਅਧਿਆਪਕ ਮਿਲਣੀ ਨੂੰ ਕਦੇ ਅਣਗੋਲਿਆ ਨਾ ਕਰਦੇ

ਅੱਜ ਮਿਹਨਤ ਰੰਗ ਲਿਆਈ ਲੜਕੇ ਸ਼ਹਿਰ ਦੇ ਕਾਲਜ ਵਿੱਚ ਤੇ ਕੁੜੀ ਪਿੰਡ ਵਾਲੇ ਸਕੂਲ ਵਿੱਚ ਬਾਰਵੀਂ ਦੇ ਪੇਪਰ ਦੇ ਰਹੀ ਸੀ।ਸਮਾਂ ਦੇ ਨਾਲ ਬੱਚਿਆਂ ਦੀ ਪੜ੍ਹਾਈ ਪੂਰੀ ਹੋ ਗਈ ।ਬਚਿੰਤ ਕੌਰ ਕੁੜੀ ਦੇ ਹੱਥ ਪੀਲੇ ਕਰਨ ਲਈ ਕਾਹਲੀ ਸੀ ਪਰ ਸੂਰਤ ਸਿੰਘ ਨੇ ਕੁੜੀ ਦੀ ਮਰਜ਼ੀ ਮੁਤਾਬਕ ਬੀ.ਐਡ ਦਾ ਕੋਰਸ ਕਰਵਾ ਦਿੱਤਾ, ਪਹਿਲਾਂ ਪ੍ਰਾਈਵੇਟ ਤੇ ਫਿਰ ਜਲਦ ਹੀ ਸਰਕਾਰੀ ਨੌਕਰੀ ਮਿਲ ਗਈ ।ਦੋਵੇਂ ਮੁੰਡੇ ਇਨਕਮ ਟੈਕਸ ਇੰਸਪੈਕਟਰ ਦਾ ਟੈਸਟ ਪਾਸ ਕਰ ਸਰਕਾਰੀ ਅਫਸਰ ਬਣ ਗਏ ।ਹੁਣ ਬੇਬੇ ਬਾਪੂ ਨੂੰ ਕੰਮ ਕਰਨ ਤੋਂ ਰੋਕਦੇ ,ਰੱਬ ਦੀ ਰਜਾ ਨੂੰ ਮੰਨਦਿਆ ਆਪਣੀ ਰੂਟੀਨ ਨਾ ਛੱਡੀ ਇਹ ਦੇਖ ਕੇ ਪੂਰਾ ਪਿੰਡ ਤਰੀਫਾਂ ਕਰਦਾ੍ਰ ਮੁੰਡਿਆਂ ਨੇ ਮਿਲ ਕੇ ਕੁਝ ਜਮੀਨ ਹੋਰ ਖਰੀਦੀ ਹੁਣ ਖੇਤੀ ਤੇ ਮੱਝਾ ਲਈ ਕਾਮੇ ਰੱਖ ਲਏ ।ਕੁੜੀ ਮਗਰੋਂ ਦੋਵੇਂ ਮੁੰਡੇ ਵਿਆਹ ਲਏ ਤੇ ਨੂੰਹਾਂ ਵੀ ਸਰਕਾਰੀ ਨੌਕਰੀ ਵਾਲੀਆ ਮਿਲੀਆ ।ਘਰ ਵਿੱਚ ਚੰਗੀਆਂ ਰੌਣਕਾ ਲੱਗ ਗਈਆ ਸਨ ।ਸਾਲ ਕੁ ਬੀਤਣ ਦੇ ਮਗਰੋਂ ਦੋਵੇਂ ਲੜਕਿਆਂ ਦੇ ਪਰਿਵਾਰ ਵਿੱਚ ਬੱਚਿਆਂ ਦੀਆਂ ਕਿਲਕਾਰੀਆਂ ਗੂਜਣ ਲੱਗੀਆਂ ।ਦਾਦਾ -ਦਾਦੀ ਬੱਚਿਆ ਵਿੱਚ ਮਸ਼ਰੂਫ ਰਹਿੰਦੇ੍ਰਖੇਤੀਬਾੜੀ ਕਾਮੇ ਦੇਖ ਲੈਂਦੇ ਤੇ ਡੰਗਰਾ ਦਾ ਕੰਮ ਲਗਭਗ ਖਤਮ ਹੀ ਚੁੱਕਾ ਸੀ।

ਬੱਚੇ ਵੱਡੇ ਹੋਣ ਕਰਕੇ ਭਰਾਵਾ ਨੂੰ ਚੰਗੇ ਸਕੂਲ ਵਿੱਚ ਦਾਖਲੇ ਦੀ ਚਿੰਤਾ ਸਤਾਉਣ ਲੱਗੀ ਭਾਵੇਂ ਪੈਸੇ ਦੀ ਕਮੀ ਨਹੀਂ ਸੀ ।ਉਂਜ ਸਟੇਟਸ ਦੇ ਮੁਤਾਬਕ ਨੇੜੇ ਸਕੂਲ ਨਾ ਹੋਣ ਕਰਕੇ ਵੱਡੀ ਮੁਸ਼ਕਿਲ ਸੀ ਅਖੀਰ ਦੋਵੇਂ ਨੇ ਸ਼ਹਿਰ ਜਾਣ ਦਾ ਫੈਸਲਾ ਕਰ ਲਿਆ ।ਹੁਣ ਪਿੰਡ ਵਾਲੀ ਕੋਠੀ ਕਾਮਿਆਂ ਦੇ ਹਵਾਲੇ ਹੋ ਗਈ ।ਢਲਦੀ ਉਮਰੇ ਜੱਦੀ ਘਰ ਛੱਡ ਉਪਰੀ ਜਗ ?ਹਾ ਤੇ ਵਸਣਾ ਅਸਾਨ ਨਹੀ ਸੀ੍ਰ ਪਰ ਬੱਚਿਆ ਦੇ ਸਨਹਿਰੀ ਭਵਿੱਖ ਨੂੰ ਦੇਖਦਿਆ ਮੂੰਹ ਨਾ ਮੋੜਿਆ।ਬਚਿੰਤ ਕੌਰ ਦੇ ਦਿਮਾਗ ਵਿੱਚ ਕੱਚੇ ਘਰ ਤੋਂ ਲੈ ਕੇ ਲਹਿਰਾਉਂਦੀਆਂ ਫਸਲਾਂ ਵਾਲੇ ਖੇਤ ਮਨ ਵਿੱਚ ਪ੍ਰਕਰਮਾ ਕਰਨ ਲੱਗੇ।

ਕੁਝ ਮਹੀਨੇ ਬਾਅਦ ਦੋਵੇਂ ਭਰਾਵਾਂ ਨੇ ਕੋਠੀਆਂ ਖਰੀਦ ਲਈਆਂ ।ਸਭ ਰਿਸ਼ਤੇਦਾਰਾਂ ਨੂੰ ਬੁਲਾ ਕੇ ਵੱਡਾ ਸਮਾਗਮ ਕੀਤਾ ਗਿਆ੍ਰਦੁਨੀਆ ਭਰ ਦੇ ਪਕਵਾਨਾ ਵਿੱਚ ਅੱਜ ਬਚਿੰਤ ਕੌਰ ਦੀ ਪਿੰਡ ਵਾਲੀ ਮਹਿਕ ਰੁਲਦੀ ਨਜ਼ਰ ਆ ਰਹੀ ਸੀ। ਜਦੋ ਸੂਰਤ ਸਿੰਘ ਬਿਮਾਰ ਹੋਇਆ ਤਾ ਬਚਿੰਤ ਕੁਰ ਨੂੰ ਆਖਦਾ ਕਿ ਕਾਮੇ ਬੰਦੇ ਲਈ ਵਿਹਲ ਰੋਗ ਤੋਂ ਘੱਟ ਨਹੀਂ ।ਬੱਚਿਆ ਦੇ ਸਕੂਲ ਜਾਣ ਮਗਰੋ ਘਰ ਵਿੱਚ ਨੌਕਰਾਂ ਦੇ ਸਹਾਰੇ ਟਾਈਮ ਪਾਸ ਕਰਦੇ ।ਪੁੱਤਰ ਨੂੰਹ ਦਫਤਰੋ ਆ ਕੇ ਆਰਾਮ ਕਰਨ ਲਈ ਕਮਰਿਆਂ ਵਿੱਚ ਚਲੇ ਜਾਂਦੇ ।ਆਥਣ ਵੇਲੇ ਬੱਚੇ ਦਾਦਾ-ਦਾਦੀ ਤੇ ਨੌਕਰ ਨਾਲ ਪਾਰਕ ਵਿੱਚ ਖੇਡ ਆਉਂਦੇ ।ਉਥੇ ਵੀ ਲੋਕ ਆਪਸ ਵਿੱਚ ਕੋਈ ਬਹੁਤੀ ਗੱਲਬਾਤ ਨਾ ਕਰਦੇ੍ਰ ਅਣ ਸਰਦੇ ਨੂੰ ਦੁਆ ਸਲਾਮ ਜਰੂਰ ਹੋ ਜਾਂਦੀ ।ਘਰ ਵਿਦੇਸੀ ਮਾਰਬਲ ਤੇ ਬਰਾਡਿਡ ਟਾਈਲਾ ਨਾਲ ਲਿਸਕਦੇ ਸਨ ।ਬਗੀਚੇ ਤੇ ਫੁੱਲ ਵਾਲੀ ਕੱਚੀ ਜਗਾ ਵੀ ਲੈਂਡਸਕੇਪ ਕਰਵਾ ਰੌਸਨੀ ਵਾਲੇ ਫੁਵਾਰਿਆ ਨਾਲ ਵਧੀਆ ਸਜਾਵਟ ਕੀਤੀ ਹੋਈ ਸੀ ।ਜਿਸ ਦੀ ਖੂਬਸੂਰਤੀ ਖਰਾਬ ਹੋਂਣ ਦੇ ਡਰੋ ਨੌਕਰ ਹੀ ਬੱਚਿਆ ਨੂੰ ਖਡਾਉਦੇ ਸਨ੍ਰ ਪਾਰਕ ਵਿੱਚ ਵੀ ਮਿੱਟੀ ਫੁੱਲਾਂ ਵਾਲੀਆਂ ਕਿਆਰੀਆਂ ਵਿੱਚ ਦਿਸਦੀ ।ਸਭ ਪਾਸੇ ਇੱਟਾਂ ਦੇ ਬਣੇ ਰਾਸਤੇ ਹੀ ਸਨ ।ਪਿੰਡ ਦੀ ਭਾਈਚਾਰਕ ਸਾਂਝ ,ਮਿਲ ਵਰਤਣ ਦਾ ਮਹੋਲ ਅਤੇ ਖੁੱਲੇ ਖੇਤ ਖਲਿਆਣ ਘੁੰਮਣ ਵਾਲੇ ਵਿਆਕਤੀ ਲਈ ਇਹ ਦਿਮਾਗੀ ਪੀੜਾ ਤੋ ਘੱਟ ਨਹੀ ਸੀ੍ਰ ਇਥੇ ਮਾਨਸਿਕ ਸੰਤੁਸ਼ਟੀ ਲਈ ਗੱਲ ਕਰਨ ਲਈ ਵੀ ਕੋਈ ਨਾ ਮਿਲਦਾ ।ਸੂਰਤ ਸਿੰਘ ਦੂਜੇ ਸਵੇਰੇ ਬਚਿੰਤ ਕੌਰ ਨੂੰ ਦੱਸਦਾ “ਕਿ ਕੱਲ ਰਾਤ ਉਹ ਬੁੜਬੁੜਾਉਂਦੀ ਹੋਈ ਕਹਿ ਰਹੀ ਸੀ ਕਿ ਮਿੱਟੀ ਦੇ ਬਣੇ ਇਨਸਾਨਾਂ ਨੂੰ ਜੇ ਜਿਉਂਦੇ ਜੀ ਮਿੱਟੀ ਤੋ ਇੰਨਾ ਦੂਰ ਕਰ ਦਿੱਤਾ ਤਾਂ ਪੱਥਰ ਦਿਲ ਹੋਣਾ ਕੋਈ ਜੱਗੋ ਤੇਰਵੀਂ ਗੱਲ ਨਹੀਂ ਮੈਨੂੰ ਤਾਂ ਲੱਗਦਾ ਹੈ ਕਿ ਇਥੇ ਮਰਨ ਤੋਂ ਬਾਅਦ ਵੀ ਮਿੱਟੀ ਨਸੀਬ ਨਹੀਂ ਹੋਣੀ ਇਹਨਾ ਤਾਂ ਆਹ ਗੈਸ ਦੇ ਬਣੇ ਹੋਏ ਸ਼ਮਸ਼ਾਨ ਘਾਟ ਵਿੱਚ ਹੀ ਆਖਰੀ ਯਾਤਰਾ ਕਰਵਾ ਦੇਣਗੇ ਜਿੱਥੇ ਹੱਡੀਆਂ ਹੀ ਮਿਲਦੀਆਂ ਹਨ। ਕੀ ਪੈਸਾ ਤੇ ਸਟੇਟਸ ਨੇ ਇਨਸਾਨ ਨੂੰ ਇੰਨਾ ਪੱਥਰ ਦਿਲ ਬਣਾ ਦਿੱਤਾ ਕਿ ਉਹ ਆਖਰੀ ਸਾਹ ਤੇ ਵੀ ਅਪਣਿਆ ਨੂੰ ਆਪਣੀ ਮਿੱਟੀ ਨਸੀਬ ਹੋਣ ਦਾ ਫਿਕਰ ਨਾ ਹੋਵੇ। ਬਚਿੰਤ ਕੌਰ ਦੀ ਮਾਨਸਿਕ ਸਥਿਤੀ ਨੂੰ ਭਾਂਪਦਿਆਂ ਹੋਇਆ ਪਿੰਡ ਜਾਣ ਦਾ ਫੈਸਲਾ ਕਰ ਲਿਆ ।ਜਿਸ ਨਾਲ ਬੱਚਿਆਂ ਨੂੰ ਛੱਡ ਕੇ ਨੂੰਹਾ ਪੁੱਤਰਾ ਤੇ ਕੋਈ ਅਸਰ ਦਿਖਾਈ ਨਾ ਦਿੱਤਾ। ਸਗੋਂ ਪੁੱਤਰਾਂ ਨੇ ਨੌਕਰਾ ਨੂੰ ਸਮਾਨ ਬੰਨਣ ਤੇ ਡਰਾਈਵਰ ਨੂੰ ਪਿੰਡ ਛੱਡ ਆਉਣ ਹੁਕਮ ਦੇ ਦਿੱਤਾ੍ਰ ਅੱਜ ਬਚਿੰਤ ਕੌਰ ਦੇ ਨਾਲੋ ਨਾਲ ਸੂਰਤ ਸਿੰਹ ਵੀ ਅਜੋਕੀ ਪੀੜੀ ਦੀ ਪਥਰਾਈ ਭਾਵਨਾਤਮਕ ਦਸ਼ਾ ਨੂੰ ਬਖੂਬੀ ਦੇਖ ਲਿਆ ਦੂਜੇ ਦਿਨ ਸਵੇਰੇ ਚਾਰ ਵਜੇ ਆਪਣਾ ਸਮਾਨ ਚੁੱਕ ਕੇ ਬਿਨਾਂ ਕਿਸੇ ਨੂੰ ਦੱਸੇ ਜਿੰਦਗੀ ਦੇ ਆਖਰੀ ਬਸੰਤ ਪਿੰਡ ਦੀਆ ਰੁਮਕਦੀਆਂ ਪੌਣਾਂ ਤੇ ਮਿੱਟੀ ਦੀ ਖੁਸ਼ਬੂ ਵਿੱਚ ਮਾਨਣ ਲਈ ਚੁੱਪ ਚਾਪ ਪਿੰਡ ਦੇ ਰਾਹ ਪੈ ਗਏ।

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**Mob no** 78374 90309

# ਇੱਕ ਲੇਖਕ ਨੂੰ ਆਪਣੀਆਂ ਲਿਖਤਾਂ ਵਰਗਾ ਹੋਣਾ ਚਾਹੀਦਾ ਹੈ !

ਇੱਕ ਲੇਖਕ ਜੋ ਆਪਣੀਆਂ ਲਿਖਤਾਂ ਵਿੱਚ ਚੰਗੀਆਂ ਗੱਲਾਂ ਲਿਖਦਾ ਹੈ, ਉਹ ਜ਼ਰੂਰੀ ਨਹੀਂ ਕਿ ਅਸਲ ਜ਼ਿੰਦਗੀ ਵਿੱਚ ਇੱਕ ਚੰਗਾ ਇਨਸਾਨ ਹੋਵੇ। ਮੈਂ ਬਹੁਤ ਸਾਰੇ ਮਸ਼ਹੂਰ ਲੇਖਕ ਦੇਖੇ ਹਨ ਜੋ ਮਹਾਨ ਲੇਖਕ ਹਨ ਪਰ ਛੋਟੇ ਲੋਕ ਹਨ। ਉਹ ਆਪਣੀ ਸੂਝ-ਬੂਝ, ਸ਼ੁੱਧਤਾ, ਸੰਵੇਦਨਸ਼ੀਲਤਾ ਅਤੇ ਭਾਵਨਾਵਾਂ ਨਾਲ ਭਰੇ ਸ਼ਬਦਾਂ ਅਤੇ ਵਾਕਾਂ ਨਾਲ ਪਾਠਕਾਂ ਦੀ ਆਤਮਾ ਨੂੰ ਛੂਹ ਲੈਂਦੇ ਹਨ। ਅਜਿਹਾ ਲੱਗਦਾ ਹੈ ਕਿ ਉਹ ਅਸਮਾਨ ਤੋਂ ਉਤਰੇ ਦ੍ਰਿਸ਼ ਹਨ, ਪਰ ਉਹ ਆਪਣੀ ਨਿੱਜੀ ਜ਼ਿੰਦਗੀ ਵਿੱਚ ਗੈਰ-ਮਿਆਰੀ ਗੱਲ ਕਰਦੇ ਹਨ। ਇੱਕ ਵਿਅਕਤੀ ਦੇ ਅੰਦਰ ਬਹੁਤ ਸਾਰੇ ਲੋਕ ਹੁੰਦੇ ਹਨ। ਜਦੋਂ ਪਰਤਾਂ ਨੂੰ ਹਟਾਉਣ ਜਾਂ ਹਟਾਉਣ ਵਾਲੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਤੁਸੀਂ ਇਸਨੂੰ ਜਾਣਦੇ ਹੋ। ਤਿੰਨ ਤਰ੍ਹਾਂ ਦੇ ਲੇਖਕ ਖੋਜੇ ਗਏ ਹਨ। ਇੱਕ ਉਸੇ ਤਰ੍ਹਾਂ ਲਿਖਦਾ ਹੈ। ਦੂਜਾ ਉਸੇ ਤਰ੍ਹਾਂ ਲਿਖਦਾ ਹੈ। ਤੀਜਾ ਮਿਸ਼ਰਣ ਤੋਂ ਹੈ।




ਲੇਖਕ ਜੋ ਬਿਨਾਂ ਗਲਤੀਆਂ ਦੇ ਸੈਂਕੜੇ ਸ਼ਬਦ ਲਿਖਦੇ ਹਨ, ਉਹ ਵਾਕਫੀਅਤ ਵਿੱਚ ਅਸਫਲ ਰਹਿੰਦੇ ਹਨ। ਉਹ ਲੋਕਾਂ ਦੇ ਸਾਹਮਣੇ ਕੁਝ ਵਾਕ ਉੱਚ ਗੁਣਵੱਤਾ ਵਾਲੀ ਆਵਾਜ਼ ਨਾਲ ਨਹੀਂ ਬੋਲ ਸਕਦੇ। ਇਸ ਦੇ ਉਲਟ, ਇੱਕ ਅਦਾਕਾਰ ਜੋ ਲੇਖਕ ਨਹੀਂ ਹੈ ਪਰ ਲੇਖਕ ਦੇ ਵਾਕਾਂ ਨਾਲ ਕੰਮ ਕਰਦਾ ਹੈ, ਮੌਖਿਕ ਪ੍ਰਗਟਾਵੇ ਰਾਹੀਂ ਮਨੁੱਖੀ ਨਾੜਾਂ ’ਤੇ ਡੂੰਘੀ ਛਾਪ ਛੱਡਦਾ ਹੈ। ਬਹੁਤ ਘੱਟ ਲੇਖਕ ਹਨ ਜੋ ਲਿਖਦੇ ਹੋਏ ਬੋਲਦੇ ਹਨ ਅਤੇ ਆਮ ਜ਼ਿੰਦਗੀ ਵਿੱਚ ਉਨ੍ਹਾਂ ਦੀਆਂ ਲਿਖਤਾਂ ਵਾਂਗ ਜੀਉਂਦੇ ਹਨ। ਦੂਜੇ ਦਰਜੇ ਦੇ ਲੇਖਕ ਜਿਨ੍ਹਾਂ ਦੀ ਕਵਿਤਾ ਅਤੇ ਲਿਖਤਾਂ ਮਨੁੱਖੀ ਕਦਰਾਂ-ਕੀਮਤਾਂ ਨੂੰ ਪ੍ਰਗਟ ਕਰਦੀਆਂ ਹਨ, ਪਰ ਨਿੱਜੀ ਤੌਰ ’ਤੇ ਉਹ ਲਾਲਚੀ ਅਤੇ ਬਦਮਾਸ਼ ਹਨ। ਕਾਰਨ ਇਹ ਹੈ ਕਿ ਉਨ੍ਹਾਂ ਦੇ ਦਿਮਾਗ ਦਾ ਇੱਕ ਕਲਮ ਵਾਲਾ ਹਿੱਸਾ ਸੁੰਦਰ ਹੈ ਅਤੇ ਦੂਜਾ ਵਿਹਾਰਕ ਹਿੱਸਾ ਘਟੀਆ ਹੈ। ਅਜਿਹਾ ਲਗਦਾ ਹੈ ਕਿ ਉਹ ਕਲਮ ਰਾਹੀਂ ਸਾਰੀ ਚੰਗਿਆਈ ਨੂੰ ਕਾਗਜ਼ ’ਤੇ ਪਾਉਂਦੇ ਹਨ ਅਤੇ ਆਮ ਜੀਵਨ ਵਿੱਚ ਚੰਗਿਆਈ ਤੋਂ ਵਾਂਝੇ ਹੋ ਜਾਂਦੇ ਹਨ। ਉਨ੍ਹਾਂ ਦੀ ਇਮਾਨਦਾਰੀ ਸਵਾਰਥੀ ਦੌਲਤ ਅਤੇ ਪ੍ਰਸਿੱਧੀ ਲਈ ਹੈ, ਯਾਨੀ ਕਿ ਉਹ ਨਕਲੀ ਦਿਆਲਤਾ ਨਾਲ ਕੰਮ ਕਰਦੇ ਹਨ। ਇਹ ਕਲਾਕਾਰ ਵੱਡੇ ਹਨ ਪਰ ਆਦਮੀ ਛੋਟੇ ਹਨ। ਉਹ ਕੈਮਰੇ ਦੇ ਸਾਹਮਣੇ ਬਹੁਤ ਪ੍ਰਭਾਵਸ਼ਾਲੀ ਅਤੇ ਕੀਮਤੀ ਕੰਮ ਕਰਦੇ ਹਨ, ਪਰ ਪਰਮਾਤਮਾ ਦੇ ਕੈਮਰਿਆਂ ਦੇ ਸਾਹਮਣੇ, ਉਹ ਵਿਹਾਰਕ ਤੌਰ ’ਤੇ ਇੱਕ ਵੱਡੇ ਆਦਮੀ ਵਾਂਗ ਕੰਮ ਕਰਦੇ ਹਨ। ਉਹ ਆਪਣੀਆਂ ਭਾਵਨਾਵਾਂ ਵਿੱਚ ਛੋਟੇ ਤਰੀਕੇ ਨਾਲ ਵਿਵਹਾਰ ਕਰਦੇ ਹਨ। ਮਨੁੱਖਾਂ ਵਿੱਚ ਬਹੁਤ ਸਾਰੇ ਅਦਾਕਾਰ ਹਨ, ਪਰ ਅਦਾਕਾਰਾਂ ਵਿੱਚ ਬਹੁਤ ਘੱਟ ਇਨਸਾਨ ਹਨ। ਹਰੇਕ ਵਿਅਕਤੀ ਨੇ ਆਪਣਾ ਤਰੀਕਾ ਅਤੇ ਚੰਗਿਆਈ ਦੀ ਮਾਤਰਾ ਨਿਰਧਾਰਤ ਕੀਤੀ ਹੈ, ਜੋ ਕਿ ਨਸਲੀ ਗੁਣ ਦੀ ਜਾਣ-ਪਛਾਣ ਹੈ। ਕੁਝ ਲੋਕ ਸਿਰਫ ਇੰਨੇ ਚੰਗੇ ਹਨ ਕਿ ਉਨ੍ਹਾਂ ਤੋਂ ਕਿਸੇ ਨੂੰ ਲਾਭ ਨਹੀਂ ਹੁੰਦਾ ਪਰ ਕੋਈ ਨੁਕਸਾਨ ਵੀ ਨਹੀਂ ਹੁੰਦਾ। ਉਹ ਇਸ ਤੋਂ ਸੰਤੁਸ਼ਟ ਹਨ। ਕੁਝ ਕੋਲ ਸਹਿਣਸ਼ੀਲਤਾ ਅਤੇ ਭਰਮ ਦੀ ਬਹੁਤ ਸਮਰੱਥਾ ਹੁੰਦੀ ਹੈ। ਲਾਭ ਦੇ ਕੇ, ਉਹ ਆਪਣੇ ਕੰਮਾਂ ਵਿੱਚ ਇਨਾਮ ਵਜੋਂ ਨੁਕਸਾਨ ਨੂੰ ਬਚਾਉਂਦੇ ਹਨ। ਇਸ ਕਿਰਿਆ ਦੇ ਇਨਾਮ ਦੀ ਸੁੰਦਰਤਾ ਨੂੰ ਬਿਆਨ ਕਰਨ ਦੀ ਮੇਰੀ ਸਮਰੱਥਾ ਤੋਂ ਪਰੇ ਹੈ ਕਿਉਂਕਿ ਇਹ ਇੱਕ ਬ੍ਰਹਮ ਮਾਮਲਾ ਬਣ ਜਾਂਦਾ ਹੈ।

ਕਲਾ ਵੇਚਣ ਵਾਲੇ ਲੋਕ ਕਿਸੇ ਨੂੰ ਮੁਫਤ ਵਿੱਚ ਉਪਲਬਧ ਹੋਣਾ ਨੁਕਸਾਨ ਸਮਝਦੇ ਹਨ। ਪ੍ਰਸਿੱਧੀ ਤੋਂ ਦੁਨੀਆਂ ਕਮਾਉਣ ਵਾਲਿਆਂ ਨੂੰ ਇਹ ਸੋਚਣ ਤੋਂ ਪਹਿਲਾਂ ਕਿ ਉਹ ਮਨੁੱਖਤਾ ਕਮਾ ਰਹੇ ਹਨ, ਉਨ੍ਹਾਂ ਨੂੰ ਮਾਮਲਿਆਂ ਦੇ ਤੱਕੜੀ ਵਿੱਚ ਤੋਲਿਆ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਸ਼ਬਦਾਂ ਅਤੇ ਉਨ੍ਹਾਂ ਦੇ ਸਾਰ ਵਿਚਕਾਰ ਵਿਰੋਧਾਭਾਸ ਸਪੱਸ਼ਟ ਹੋ ਸਕੇ। ਸਮਾਜ ਨੂੰ ਨਕਲੀ ਤੌਰ ’ਤੇ ਅਦਾਕਾਰੀ ਰਾਹੀਂ ਰੰਗਣ ਨਾਲ, ਕੋਈ ਨਾਮ ਕਮਾ ਸਕਦਾ ਹੈ, ਪਰ ਇਨਾਮ ਨਹੀਂ, ਕਿਉਂਕਿ ਇੱਕ ਅਸਲੀ ਭੂਮਿਕਾ ਨਿਭਾਉਣ ਨਾਲ ਉੱਚ ਮਾਣ ਅਤੇ ਉੱਚ ਮਿਆਰ ਮਿਲਦਾ ਹੈ। ਅਜਿਹੇ ਚਰਿੱਤਰ ਵਾਲੇ ਲੋਕਾਂ ਦੀ ਮੌਤ ਤੋਂ ਬਾਅਦ ਵੀ, ਉਨ੍ਹਾਂ ਦੇ ਚੰਗੇ ਕੰਮਾਂ ਨੂੰ ਲਿਖਣ ਵਾਲੇ ਦੂਤਾਂ ਨੂੰ ਇੱਕ ਵੀ ਛੁੱਟੀ ਨਹੀਂ ਮਿਲਦੀ। ਕਿਰਿਆ ਦੀ ਇੱਕ ਬੂੰਦ ਗਿਆਨ ਦੇ ਸਮੁੰਦਰ ਨਾਲੋਂ ਵੱਧ ਕੀਮਤੀ ਹੈ। ਇਹ ਸੰਸਾਰ ਬਹੁਤ ਹੈਰਾਨੀਜਨਕ ਅਤੇ ਰਹੱਸਮਈ ਹੈ। ਇੱਥੇ, ਬਹੁਗਿਣਤੀ ਵਿੱਚ ਚੰਗਿਆਈ ਦੇ ਪਿੱਛੇ ਕਮਾਈ ਛੁਪੀ ਹੋਈ ਹੈ, ਜਿਸਦਾ ਸਿਧਾਂਤ ਹੈ ਕਿ ਪੈਸਾ ਚੰਗਾ ਹੈ ਜਾਂ ਮਾੜਾ। ਮੇਰੇ ਅਨੁਸਾਰ, ਦੁਨੀਆ ਦੀ ਦੌਲਤ ਇੱਕ ਪਰੀਖਿਅਕ ਹੈ ਜੋ ਪਰਮਾਤਮਾ ਦੇ ਮਨੁੱਖੀ ਵਿਸ਼ਵਾਸ ਅਤੇ ਮਿਆਰਾਂ ਦੀ ਜਾਂਚ ਕਰਦੀ ਹੈ, ਇਸ ਤਰ੍ਹਾਂ ਮਨੁੱਖ ਵੀ ਇਸਦੀ ਵਰਤੋਂ ਸਿੱਟੇ ਕੱਢਣ ਲਈ ਕਰ ਸਕਦੇ ਹਨ।

ਇੱਕ ਮਨੁੱਖ ਹੋਣਾ ਅਤੇ ਮਨੁੱਖਤਾ ਕਮਾਉਣਾ ਅਸਲ ਬ੍ਰਹਮ ਕਮਾਈ ਹੈ। ਗਰੀਬੀ ਦੀ ਧਰਤੀ ’ਤੇ ਛਾਤੀਆਂ ਫੈਲਾ ਕੇ, ਸਵੈ-ਇਨਕਾਰ ਦੇ ਵਿਚਕਾਰ ਰਹਿਣਾ ਬਿਹਤਰ ਹੈ। ਇਹ ਸਵੈ-ਇਨਕਾਰ ਦੀ ਜ਼ਿੰਦਗੀ ਮਹਾਨ ਲੋਕਾਂ ਦੀ ਪਸੰਦ ਹੈ। ਜੋ ਛੋਟੀ ਜਿਹੀ ਕਲਾ ਵੀ ਚੁਣਦੇ ਹਨ, ਉਹ ਇਸਨੂੰ ਸਤਿਕਾਰ ਦਿੰਦੇ ਹਨ। ਨਹੀਂ ਤਾਂ, ਜ਼ਿਆਦਾਤਰ ਛੋਟੇ ਲੋਕ ਇੱਕ ਵੱਡੀ ਕਲਾ ਚੁਣਦੇ ਹਨ ਅਤੇ ਉਸ ਕਲਾ ਦਾ ਸਨਮਾਨ ਪਹਿਨਦੇ ਹਨ। ਜਦੋਂ ਉਨ੍ਹਾਂ ਨਾਲ ਦਿਆਲਤਾ ਨਾਲ ਪੇਸ਼ ਆਉਂਦਾ ਹੈ, ਤਾਂ ਇਸਦਾ ਨਤੀਜਾ ਪਛਤਾਵਾ ਹੁੰਦਾ ਹੈ। ਇੱਕ ਛੋਟਾ ਵਿਅਕਤੀ ਇੱਕ ਵੱਡੀ ਕਲਾ ਨੂੰ ਵੀ ਛੋਟਾ ਬਣਾ ਦਿੰਦਾ ਹੈ, ਅਤੇ ਇੱਕ ਵੱਡਾ ਵਿਅਕਤੀ ਇੱਕ ਛੋਟੀ ਕਲਾ ਨੂੰ ਵੀ ਵੱਡਾ ਬਣਾ ਦਿੰਦਾ ਹੈ। ਇੱਕ ਵੱਡਾ ਵਿਅਕਤੀ ਇੱਕ ਵੱਡੀ ਕਲਾ ਨਾਲ ਜੁੜਿਆ ਹੁੰਦਾ ਹੈ, ਇਸ ਲਈ ਇਸਦੇ ਬੀਤਣ ਤੋਂ ਬਾਅਦ ਵੀ, ਉਨ੍ਹਾਂ ਦੀ ਰਚਨਾ ਸਮੇਂ ਵਿੱਚ ਰਹਿੰਦੀ ਹੈ। ਆਮ ਲੋਕ ਰਚਨਾ ਵਿੱਚ ਸੀਮਤ ਸਮੇਂ ਲਈ ਵਿਸ਼ੇਸ਼ ਬਣ ਜਾਂਦੇ ਹਨ, ਯਾਨੀ ਜਦੋਂ ਉਹ ਰਚਨਾ ਕਰਦੇ ਹਨ, ਤਾਂ ਉਹ ਆਮ ਸਮੇਂ ਵਾਂਗ ਨਹੀਂ ਹੁੰਦੇ। ਇਸੇ ਲਈ ਜਦੋਂ ਤੁਸੀਂ ਉਨ੍ਹਾਂ ਨੂੰ ਆਮ ਸਮੇਂ ਵਿੱਚ ਮਿਲਦੇ ਹੋ, ਤਾਂ ਤੁਹਾਨੂੰ ਕੋਈ ਹੋਰ ਵਿਅਕਤੀ ਮਿਲਦਾ ਹੈ। ਸਨਮਾਨ ਦੇਣ ਦੇ ਕੰਮ ਲਈ ਨਿਮਰਤਾ ਦੀ ਲੋੜ ਹੁੰਦੀ ਹੈ, ਪਰ ਜਦੋਂ ਨਿਮਰਤਾ ਦੀ ਬਜਾਏ, ਹੰਕਾਰ ਨਾਲ ਦੁਰਵਿਵਹਾਰ ਹੁੰਦਾ ਹੈ, ਤਾਂ ਸਵਰਗੀ ਅਸਮਾਨ ਵਿੱਚ ਉੱਡਣ ਵਾਲਾ ਧਰਤੀ ਦੇ ਨੀਵੇਂ ਪੱਧਰ ’ਤੇ ਆ ਜਾਂਦਾ ਹੈ। ਇਹੀ ਕਾਰਨ ਹੈ ਕਿ ਅਕਸਰ ਮਸ਼ਹੂਰ ਲੋਕ ਗੁਮਨਾਮੀ ਵਿੱਚ ਮਨੋਵਿਗਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਜਿਹੜੇ ਲੋਕ ਮਸ਼ਹੂਰ ਹੁੰਦੇ ਹੋਏ ਵੀ ਲੋਕਾਂ ਦਾ ਮਜ਼ਾਕ ਉਡਾਉਂਦੇ ਸਨ, ਮਨੁੱਖਤਾ ਦਾ ਸਤਿਕਾਰ ਭੁੱਲ ਜਾਂਦੇ ਸਨ, ਜਦੋਂ ਉਹ ਆਪਣੀ ਮੌਤ ਦੇ ਬਿਸਤਰੇ ’ਤੇ ਆਉਂਦੇ ਹਨ, ਤਾਂ ਉਹ ਹੰਝੂਆਂ ਨਾਲ ਗੱਲਾਂ ਕਰਦੇ ਹਨ ਅਤੇ ਮਦਦ ਮੰਗਦੇ ਹਨ। ਕਿੰਨੇ ਹੀ ਅਜਿਹੇ ਮਹਾਨ ਕਲਾਕਾਰ ਸਨ ਜਿਨ੍ਹਾਂ ਨੂੰ ਧਰਤੀ ਦਾ ਪੇਟ ਪਾਣੀ ਵਾਂਗ ਪੀਂਦਾ ਸੀ ਅਤੇ ਸਮਾਂ ਬਸ ਦੇਖਦਾ ਰਹਿੰਦਾ ਸੀ। ਅਤੇ ਬਹੁਤ ਸਾਰੇ ਅਜਿਹੇ ਮਹਾਨ ਸਿਰਜਣਹਾਰ ਕਲਾ ਦੀ ਵਿਕਰੀ ਤੋਂ ਬਚਦੇ ਹੋਏ, ਗਰੀਬੀ ਵਿੱਚ ਆਪਣੀ ਜ਼ਿੰਦਗੀ ਬਤੀਤ ਕਰਦੇ ਸਨ। ਉਨ੍ਹਾਂ ਦੇ ਜਾਣ ਤੋਂ ਬਾਅਦ, ਉਨ੍ਹਾਂ ਦੀਆਂ ਰਚਨਾਵਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਸੁਰਜੀਤ ਕੀਤਾ ਕਿ ਲੋਕ ਉਨ੍ਹਾਂ ਨੂੰ ਨਾ ਮਿਲ ਸਕਣ ਦਾ ਪਛਤਾਵਾ ਕਰਦੇ ਹਨ। ਇੱਕ ਲੇਖਕ ਨੂੰ ਆਪਣੀਆਂ ਲਿਖਤਾਂ ਵਾਂਗ ਹੀ ਸੁੰਦਰ ਹੋਣਾ ਚਾਹੀਦਾ ਹੈ।

**ਲੇਖਕ: ਜ਼ਫ਼ਰ ਇਕਬਾਲ ਜ਼ਫ਼ਰ**

# ਹਿੰਦੀ ਬਾਲ ਕਹਾਣੀ (ਟ੍ਰਿਪਲ ਅਪ੍ਰੈਲ ਫੂਲ)

ਮੂਲ : ਹਰੀਸ਼ ਕੁਮਾਰ 'ਅਮਿਤ'
ਅਨੁ : ਪ੍ਰੋ. ਨਵ ਸੰਗੀਤ ਸਿੰਘ

ਅਰਨਵ ਸਵੇਰੇ ਉੱਠਿਆ ਤਾਂ ਉਹਨੇ ਵੇਖਿਆ ਕਿ ਉਸਦੇ ਪਾਪਾ ਅਜੇ ਵੀ ਸੁੱਤੇ ਪਏ ਹਨ। ਉਹਨੂੰ ਬੜੀ ਹੈਰਾਨੀ ਹੋਈ, ਕਿਉਂਕਿ ਉਸਦੇ ਪਾਪਾ ਤਾਂ ਸਵੇਰੇ ਬਹੁਤ ਜਲਦੀ ਉੱਠਦੇ ਸਨ। ਅਰਨਵ ਨੇ ਪਾਪਾ ਨੂੰ ਦੋ-ਤਿੰਨ ਆਵਾਜ਼ਾਂ ਮਾਰੀਆਂ, ਪਰ ਕੋਈ ਜਵਾਬ ਨਹੀਂ ਮਿਲਿਆ। ਉਹ ਚਿੰਤਤ ਹੋ ਗਿਆ।

ਉਹ ਆਪਣੀ ਮੰਮੀ ਕੋਲ ਗਿਆ, ਜੋ ਰਸੋਈ ਵਿੱਚ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਉਸਦੀ ਮੰਮੀ ਨੇ ਕਿਹਾ, ÷ਬੇਟਾ, ਤੇਰੇ ਪਾਪਾ ਦੀ ਤਬੀਅਤ ਠੀਕ ਨਹੀਂ ਹੈ। ਉਨ੍ਹਾਂ ਦੇ ਪੇਟ ਵਿੱਚ ਬਹੁਤ ਦਰਦ ਹੈ। ਉਹ ਥੋੜ੍ਹੀ ਦੇਰ ਪਹਿਲਾਂ ਹੀ ਸੁੱਤੇ ਹਨ।÷

÷ਪਰ ਮੰਮੀ! ਪਾਪਾ ਨੇ ਅੱਜ ਮੈਨੂੰ ਨਵੀਂ ਕਲਾਸ ਦੀਆਂ ਕਿਤਾਬਾਂ ਅਤੇ ਨਵੀਂ ਵਰਦੀ ਦਿਵਾਉਣੀ ਸੀ। ਮੇਰੀਆਂ ਨੋਟਬੁੱਕਾਂ ਅਤੇ ਕਿਤਾਬਾਂ ਦੇ ਕਵਰ ਵੀ ਤਾਂ ਪਾਪਾ ਹੀ ਚੜ੍ਹਾਉਂਦੇ ਹਨ। ਇਸੇ ਲਈ ਤਾਂ ਉਨ੍ਹਾਂ ਨੇ ਅੱਜ ਆਫ਼ਿਸ ਤੋਂ ਛੁੱਟੀ ਲਈ ਸੀ,÷ ਅਰਨਵ ਨੇ ਕਿਹਾ।

ਮੰਮੀ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਕਮਰੇ ਦੇ ਅੰਦਰੋਂ ਪਾਪਾ ਦੀ ਕਰਾਹਟ ਸੁਣਾਈ ਦਿੱਤੀ। ਮੰਮੀ ਅਤੇ ਅਰਨਵ ਅੰਦਰ ਗਏ ਤਾਂ ਪਾਪਾ ਨੂੰ ਪੇਟ 'ਤੇ ਹੱਥ ਰੱਖ ਕੇ ÷ਹਾਏ-ਹਾਏ!÷ ਕਰਦੇ ਹੋਏ ਵੇਖਿਆ।

÷ਪੇਟ ਦਰਦ ਹੋਰ ਵੀ ਵਧ ਗਿਆ ਹੈ। ਲੱਗਦਾ ਹੈ ਕਿ ਹਸਪਤਾਲ ਜਾਣਾ ਹੀ ਪਵੇਗਾ,÷ ਪਾਪਾ ਨੇ ਕਿਹਾ।

÷ਹਾਂ-ਹਾਂ, ਮੈਂ ਤੁਹਾਨੂੰ ਹਸਪਤਾਲ ਲੈ ਚੱਲਾਂਗੀ,÷ ਮੰਮੀ ਨੇ ਕਿਹਾ।

÷ਪਰ ਮੇਰੀਆਂ ਕਿਤਾਬਾਂ, ਵਰਦੀ... ਮੇਰੀ ਨਵੀਂ ਕਲਾਸ ਕੱਲ੍ਹ ਤੋਂ ਸ਼ੁਰੂ ਹੋ ਰਹੀ ਹੈ,÷ ਅਰਨਵ ਕਹਿਣ ਲੱਗਿਆ।

÷ਬੇਟਾ! ਪਾਪਾ ਦੀ ਸਿਹਤ ਇਸ ਵੇਲੇ ਜ਼ਿਆਦਾ ਜ਼ਰੂਰੀ ਹੈ। ਕਿਤਾਬਾਂ ਅਤੇ ਵਰਦੀ ਤਾਂ ਇੱਕ ਦਿਨ ਬਾਅਦ ਵੀ ਆ ਜਾਣਗੀਆਂ,÷ ਮੰਮੀ ਨੇ ਅਰਨਵ ਨੂੰ ਕਿਹਾ।

÷ਫਿਰ ਅੱਜ ਦੁਪਹਿਰ ਹਸਪਤਾਲ ਤੋਂ ਵਾਪਸ ਆ ਕੇ ਕਿਤਾਬਾਂ ਅਤੇ ਵਰਦੀ ਖਰੀਦ ਲਵਾਂਗੇ,÷ ਅਰਨਵ ਨੇ ਕਿਹਾ।

÷ਪਤਾ ਨਹੀਂ ਕਿ ਉਹ ਹਸਪਤਾਲ ਤੋਂ ਕਦੋਂ ਵਾਪਸ ਆ ਸਕਣਗੇ। ਉਨ੍ਹਾਂ ਨੂੰ ਕੁਝ ਟੈਸਟ ਵਗੈਰਾ ਕਰਵਾਉਣੇ ਪੈ ਸਕਦੇ ਹਨ। ਫਿਰ ਤਾਂ ਵਾਪਸ ਆਉਂਦੇ-ਆਉਂਦੇ ਸ਼ਾਮ ਹੋ ਜਾਵੇਗੀ,÷ ਮੰਮੀ ਨੇ ਕਿਹਾ।

÷ਮੈਨੂੰ ਤਾਂ ਲੱਗਦਾ ਹੈ ਕਿ ਮੈਨੂੰ ਪੇਟ ਦਾ ਆਪਰੇਸ਼ਨ ਕਰਵਾਉਣਾ ਪਵੇਗਾ,÷ ਪਾਪਾ ਨੇ ਹਉਕੇ ਭਰਦੇ ਹੋਏ ਕਿਹਾ।

÷ਫਿਰ ਤਾਂ ਤੁਹਾਨੂੰ ਤਿੰਨ-ਚਾਰ ਦਿਨ ਹਸਪਤਾਲ ਵਿੱਚ ਰਹਿਣਾ ਪਵੇਗਾ। ਮੈਂ ਵੀ ਤਾਂ ਫਿਰ ਉੱਥੇ ਹੀ ਰਹਾਂਗੀ, ਤੁਹਾਡੀ ਦੇਖਭਾਲ ਲਈ।÷ ਮੰਮੀ ਪਾਪਾ ਨੂੰ ਕਹਿ ਰਹੇ ਸਨ।

÷ਫਿਰ ਮੈਂ ਕਿੱਥੇ ਰਹਾਂਗਾ? ਮੇਰੀਆਂ ਕਿਤਾਬਾਂ ਅਤੇ ਵਰਦੀ ਦਾ ਕੀ ਹੋਵੇਗਾ? ਮੈਂ ਸਕੂਲ ਕਿਵੇਂ ਜਾਵਾਂਗਾ?÷ ਅਰਨਵ ਨੇ ਪੁੱਛਿਆ।

÷ਬੇਟਾ, ਤੂੰ ਅਗਲੇ ਤਿੰਨ-ਚਾਰ ਦਿਨ ਘਰ ਹੀ ਰਹਿ। ਅਸੀਂ ਦਰਵਾਜ਼ਾ ਬਾਹਰੋਂ ਬੰਦ ਕਰ ਦੇਵਾਂਗੇ। ਮੈਂ ਦਿਨ ਵਿੱਚ ਇੱਕ ਵਾਰ ਥੋੜ੍ਹੀ ਦੇਰ ਲਈ ਆ ਜਾਇਆ ਕਰਾਂਗੀ। ਜਦੋਂ ਪਾਪਾ ਠੀਕ ਹੋ ਕੇ ਘਰ ਵਾਪਸ ਆਉਣਗੇ, ਤਾਂ ਉਹ ਤੇਰੀਆਂ ਕਿਤਾਬਾਂ, ਵਰਦੀ ਆਦਿ ਲੈ ਆਉਣਗੇ। ਅਗਲੇ ਦਿਨ ਤੂੰ ਆਪਣੀ ਨਵੀਂ ਕਲਾਸ ਵਿੱਚ ਚਲਾ ਜਾਵੀਂ।÷

ਆਪਣੀ ਮਾਂ ਤੋਂ ਇਹ ਸਭ ਕੁਝ ਸੁਣ ਕੇ ਅਰਨਵ ਰੋਣ ਲੱਗ ਪਿਆ। ਉਸਨੇ ਆਪਣੇ ਹੰਝੂ ਛੁਪਾਉਣ ਲਈ ਮੂੰਹ ਕੰਧ ਵੱਲ ਕਰ ਲਿਆ।

ਉਸੇ ਵੇਲੇ ਮਸ਼ਹੂਰ ਫਿਲਮੀ ਗੀਤ ÷ਏਪ੍ਰਿਲ ਫੂਲ ਬਨਾਇਆ...÷ ਕਮਰੇ ਵਿੱਚ ਗੂੰਜਣ ਲੱਗਾ। ਅਰਨਵ ਨੇ ਮੁੜ ਕੇ ਵੇਖਿਆ ਪਾਪਾ ਬਿਸਤਰੇ 'ਤੇ ਬੈਠੇ ਸਨ ਅਤੇ ਗਾਣਾ ਉਨ੍ਹਾਂ ਦੇ ਹੱਥ ਵਿੱਚ ਫੜੇ ਮੋਬਾਈਲ ਫੋਨ ਤੇ ਵੱਜ ਰਿਹਾ ਸੀ। ਉਹ ਸਭ ਕੁਝ ਸਮਝ ਗਿਆ। ਮੰਮੀ-ਪਾਪਾ ਅਰਨਵ ਨੂੰ ਵੇਖ ਕੇ ਹੱਸਣ ਲੱਗੇ। ਅਰਨਵ ਵੀ ਜਵਾਬ ਵਿੱਚ ਮੁਸਕਰਾਉਣ ਲੱਗਿਆ।

ਤਿਆਰ ਹੋ ਕੇ ਨਾਸ਼ਤਾ ਕਰਨ ਤੋਂ ਬਾਅਦ ਜਦੋਂ ਅਰਨਵ ਆਪਣੇ ਪਾਪਾ ਨਾਲ ਬਾਜ਼ਾਰ ਜਾਣ ਵਾਲਾ ਸੀ ਤਾਂ ਪਾਪਾ ਦੀ ਕਾਰ ਸਟਾਰਟ ਨਹੀਂ ਹੋਈ। ਸ਼ਾਇਦ ਇਸ ਵਿੱਚ ਕੁਝ ਖਰਾਬੀ ਆ ਗਈ ਸੀ। ਪਾਪਾ ਨੇ ਕਿਹਾ ਕਿ ਉਹ ਸਕੂਟਰ ਤੇ ਚੱਲਦੇ ਹਨ। ਪਰ ਅਰਨਵ ਨੂੰ ਚਿੰਤਾ ਸੀ ਕਿ ਵਾਪਸ ਆਉਂਦੇ ਸਮੇਂ ਕੋਈ ਕਿਤਾਬ ਵਗੈਰਾ ਡਿੱਗ ਨਾ ਜਾਵੇ, ਇਸ ਲਈ ਉਹ ਦੋਵੇਂ ਆਟੋਰਿਕਸ਼ਾ ਰਾਹੀਂ ਬਾਜ਼ਾਰ ਚਲੇ ਗਏ।

ਜਦੋਂ ਉਹ ਅਰਨਵ ਦੀਆਂ ਕਿਤਾਬਾਂ, ਵਰਦੀ ਆਦਿ ਖਰੀਦ ਕੇ ਘਰ ਵਾਪਸ ਆਏ, ਤਾਂ ਪਾਪਾ ਨੇ ਕਿਰਾਏ ਨੂੰ ਲੈ ਕੇ ਆਟੋਰਿਕਸ਼ਾ ਚਾਲਕ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ।

ਅਰਨਵ ਨੂੰ ਇੱਕ ਖਿਆਲ ਆਇਆ ਤੇ ਉਸਨੇ ਚੁੱਪਚਾਪ ਆਪਣਾ ਵਰਦੀ ਵਾਲਾ ਬੈਗ ਚੁੱਕ ਕੇ ਬਾਗ਼ ਵਿੱਚ ਪਈ ਆਪਣੀ ਸਾਈਕਲ 'ਤੇ ਰੱਖ ਦਿੱਤਾ। ਫਿਰ ਉਹ ਦਰਵਾਜ਼ੇ 'ਤੇ ਖੜ੍ਹਾ ਹੋ ਗਿਆ।

ਜਦੋਂ ਪਾਪਾ ਆਟੋਰਿਕਸ਼ਾ ਦਾ ਕਿਰਾਇਆ ਦੇ ਕੇ ਅਤੇ ਅਰਨਵ ਦੀਆਂ ਕਿਤਾਬਾਂ ਦਾ ਬੰਡਲ ਲੈ ਕੇ ਘਰ ਆਏ, ਤਾਂ ਅਰਨਵ ਨੇ ਉਨ੍ਹਾਂ ਨੂੰ ਪੁੱਛਿਆ, ÷ਪਾਪਾ! ਮੇਰਾ ਵਰਦੀ ਵਾਲਾ ਬੈਗ ਕਿੱਥੇ ਹੈ?÷

÷ਤੂੰ ਉਹ ਲੈ ਆਇਆ ਸੀ ਨਾ!÷ ਪਾਪਾ ਨੇ ਕਿਹਾ।

÷ਮੈਂ ਤਾਂ ਨਹੀਂ ਲਿਆਂਦਾ, ਪਾਪਾ! ਮੈਨੂੰ ਲੱਗਦਾ ਹੈ ਕਿ ਉਹ ਆਟੋ-ਰਿਕਸ਼ਾ ਵਿੱਚ ਹੀ ਰਹਿ ਗਿਆ ਹੈ,÷ ਅਰਨਵ ਨੇ ਭੋਲਾ ਜਿਹਾ ਚਿਹਰਾ ਬਣਾਉਂਦੇ ਹੋਏ ਕਿਹਾ।

÷ਅੱਛਾ? ਫਿਰ ਤੂੰ ਜਲਦੀ ਬਾਹਰ ਜਾ ਕੇ ਦੇਖ ਕਿ ਆਟੋ ਕਿਸ ਪਾਸੇ ਗਿਆ ਹੈ। ਮੈਂ ਸਕੂਟਰ ਕੱਢ ਕੇ ਉਸਦਾ ਪਿੱਛਾ ਕਰਦਾ ਹਾਂ।÷

ਪਾਪਾ ਦੀ ਗੱਲ ਸੁਣ ਕੇ ਉਹ ਜਲਦੀ ਨਾਲ ਘਰੋਂ ਬਾਹਰ ਆਇਆ ਅਤੇ ਇਧਰ-ਉਧਰ ਵੇਖਣ ਲੱਗਾ, ਪਰ ਉਸਨੂੰ ਕੋਈ ਆਟੋਰਿਕਸ਼ਾ ਦਿਖਾਈ ਨਹੀਂ ਦਿੱਤਾ।

ਜਦੋਂ ਉਹ ਘਰ ਵਾਪਸ ਆਇਆ ਤਾਂ ਉਸਦੇ ਪਾਪਾ ਸਕੂਟਰ ਸਟਾਰਟ ਕਰ ਰਹੇ ਸਨ। ਅਰਨਵ ਨੇ ਵੇਖਿਆ ਕਿ ਉਸਦਾ ਵਰਦੀ ਵਾਲਾ ਬੈਗ ਸਾਈਕਲ ਤੋਂ ਗਾਇਬ ਸੀ।

ਉਹ ਪਾਪਾ ਕੋਲ ਗਿਆ ਅਤੇ ਉਨ੍ਹਾਂ ਨੂੰ ਉਸ ਵਰਦੀ ਵਾਲੇ ਬੈਗ ਬਾਰੇ ਦੱਸਿਆ ਜੋ ਉਸਨੇ ਲਿਆ ਕੇ ਆਪਣੀ ਸਾਈਕਲ 'ਤੇ ਰੱਖਿਆ ਸੀ। ਉਸੇ ਵੇਲੇ ਉਸਦੇ ਮੰਮੀ ਆ ਗਏ। ਪਾਪਾ ਨੇ ਮੰਮੀ ਨੂੰ ਸਭ ਕੁਝ ਦੱਸਿਆ। ਉਸਦੇ ਮਾਪੇ ਅਰਨਵ ਤੇ ਗੁੱਸੇ ਹੋਣ ਲੱਗੇ ਕਿ ਉਸਨੇ ਬੈਗ ਲਿਆ ਕੇ ਸਾਈਕਲ 'ਤੇ ਕਿਉਂ ਰੱਖਿਆ।

ਆਪਣੇ ਮਾਪਿਆਂ ਦੀ ਝਿੜਕ ਸੁਣ ਕੇ ਅਰਨਵ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਉਹ ਹੱਥਾਂ ਵਿੱਚ ਮੂੰਹ ਛੁਪਾ ਕੇ ਰੋਣ ਲੱਗ ਪਿਆ।

ਉਸੇ ਵੇਲੇ ਉਸਦੇ ਕੰਨਾਂ ਵਿੱਚ ਫਿਰ ਤੋਂ 'ਏਪ੍ਰਿਲ ਫੂਲ ਬਨਾਇਆ...' ਵਾਲਾ ਗਾਣਾ ਗੂੰਜਣ ਲੱਗਾ। ਉਸਨੇ ਸਿਰ ਚੁੱਕ ਕੇ ਵੇਖਿਆ। ਇਹ ਗੀਤ ਉਸਦੇ ਪਾਪਾ ਦੇ ਮੋਬਾਈਲ ਫੋਨ 'ਤੇ ਚੱਲ ਰਿਹਾ ਸੀ ਅਤੇ ਉਸਦਾ ਵਰਦੀ ਵਾਲਾ ਬੈਗ ਉਸਦੀ ਮੰਮੀ ਦੇ ਹੱਥ ਵਿੱਚ ਸੀ।

÷ਬੇਟਾ, ਮੈਂ ਤੈਨੂੰ ਅਜਿਹਾ ਕਰਦੇ ਵੇਖ ਲਿਆ ਸੀ ਜਦੋਂ ਤੂੰ ਆਟੋ-ਰਿਕਸ਼ਾ ਤੋਂ ਬੈਗ ਚੁੱਕ ਕੇ ਲਿਆਇਆ ਸੀ,÷ ਪਾਪਾ ਨੇ ਕਿਹਾ।

÷ਅਤੇ ਫਿਰ ਜਦੋਂ ਤੂੰ ਆਟੋ ਵੇਖਣ ਘਰੋਂ ਬਾਹਰ ਗਿਆ ਸੀ, ਮੈਂ ਸਾਈਕਲ ਤੋਂ ਬੈਗ ਚੁੱਕ ਕੇ ਕਮਰੇ ਵਿੱਚ ਰੱਖ ਦਿੱਤਾ ਸੀ,÷ ਮੰਮੀ ਨੇ ਕਿਹਾ।

ਇਹ ਸਭ ਸੁਣ ਕੇ ਅਰਨਵ ਮੁਸਕਰਾਏ ਬਿਨਾਂ ਨਾ ਰਹਿ ਸਕਿਆ। ਪਾਪਾ ਨੂੰ ਅਪ੍ਰੈਲ ਫੂਲ ਬਣਾਉਣ ਦੇ ਚੱਕਰ ਵਿੱਚ ਉਹਦਾ ਆਪਣਾ ਅਪ੍ਰੈਲ ਫੂਲ ਬਣ ਗਿਆ ਸੀ।

ਥੋੜ੍ਹੀ ਦੇਰ ਬਾਅਦ ਜਦੋਂ ਮੰਮੀ ਰਸੋਈ ਵਿੱਚ ਖਾਣਾ ਬਣਾ ਰਹੇ ਸਨ, ਤਾਂ ਅਰਨਵ ਦੇ ਦਿਮਾਗ਼ ਵਿੱਚ ਮੰਮੀ ਨੂੰ ਅਪ੍ਰੈਲ ਫੂਲ ਬਣਾਉਣ ਦਾ ਵਿਚਾਰ ਆਇਆ। ਉਸਨੇ ਪਾਪਾ ਦੇ ਕੰਨ ਵਿੱਚ ਕੁਝ ਘੁਸਰ-ਮੁਸਰ ਕੀਤੀ ਅਤੇ ਜਦੋਂ ਮੰਮੀ ਖਾਣਾ ਲੈ ਕੇ ਆਏ, ਤਾਂ ਅਰਨਵ ਨੇ ਕਿਹਾ, ÷ਮੰਮੀ, ਦੀਪਕ ਮਾਮਾ ਨੇ ਥੋੜ੍ਹੀ ਦੇਰ ਪਹਿਲਾਂ ਹੀ ਫ਼ੋਨ ਕੀਤਾ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਨੂੰ ਜਬਲਪੁਰ ਤੋਂ ਇੱਕ ਜ਼ਰੂਰੀ ਦਫ਼ਤਰੀ ਮੀਟਿੰਗ ਲਈ ਅਚਾਨਕ ਏਥੇ ਆਉਣਾ ਪਿਆ ਅਤੇ ਉਹ ਮੀਟਿੰਗ ਪਿੱਛੋਂ ਸ਼ਾਮ ਨੂੰ ਕੁਝ ਚਿਰ ਲਈ ਸਾਡੇ ਕੋਲ ਆਉਣਗੇ।÷

÷ਓ ਵਾਹ! ਦੀਪੂ ਆ ਰਿਹਾ ਹੈ,÷ ਮੰਮੀ ਨੇ ਖ਼ੁਸ਼ੀ ਨਾਲ ਝੂਮਦੇ ਹੋਏ ਕਿਹਾ।

÷ਤਾਂ ਮੰਮੀ, ਤੁਸੀਂ ਮਾਮਾ ਜੀ ਦੀ ਪਸੰਦੀਦਾ ਸੌਗੀ ਦੀ ਖੀਰ ਕਿਉਂ ਨਹੀਂ ਬਣਾਉਂਦੇ?÷

÷ਠੀਕ ਹੈ, ਮੈਂ ਖੀਰ ਬਣਾਉਂਦੀ ਹਾਂ। ਖਾਣਾ ਮੈਂ ਬਾਅਦ ਵਿੱਚ ਖਾਵਾਂਗੀ,÷ ਕਹਿ ਕੇ ਮੰਮੀ ਰਸੋਈ ਵਿੱਚ ਚਲੇ ਗਏ।

ਪਾਪਾ ਅਤੇ ਅਰਨਵ ਖਾਣਾ ਖਾ ਕੇ ਹਟੇ ਹੀ ਸਨ ਕਿ ਮੰਮੀ ਖੀਰ ਦੀ ਕਟੋਰੀ ਲੈ ਕੇ ਆ ਗਏ।

÷ਕੀ ਖੀਰ ਇੰਨੀ ਜਲਦੀ ਤਿਆਰ ਹੋ ਗਈ?÷ ਅਰਨਵ ਨੇ ਪੁੱਛਿਆ।

÷ਦੀਪੂ ਦੇ ਆਉਣ ਦੀ ਖੁਸ਼ੀ ਵਿੱਚ ਖੀਰ ਜਲਦੀ ਬਣ ਗਈ ਹੈ। ਲੈ, ਇਸਦਾ ਸੁਆਦ ਵੇਖ ਕੇ ਦੱਸ ਕਿ ਇਹ ਕਿਵੇਂ ਬਣੀ ਹੈ। ਦੀਪੂ ਦੇ ਆਉਣ 'ਤੇ ਅਸੀਂ ਸਾਰੇ ਇਕੱਠੇ ਖਾਵਾਂਗੇ,÷ ਮੰਮੀ ਨੇ ਅਰਨਵ ਨੂੰ ਖੀਰ ਦੀ ਕਟੋਰੀ ਦਿੰਦੇ ਹੋਏ ਕਿਹਾ।

ਅਰਨਵ ਨੂੰ ਵੀ ਖੀਰ ਬਹੁਤ ਪਸੰਦ ਸੀ। ਉਸਨੇ ਜਲਦੀ ਨਾਲ ਆਪਣੀ ਮਾਂ ਦੇ ਹੱਥੋਂ ਕਟੋਰੀ ਲਈ ਅਤੇ ਇੱਕ ਚਮਚਾ ਆਪਣੇ ਮੂੰਹ ਵਿੱਚ ਪਾ ਲਿਆ।

÷ਓ ਮੰਮੀ, ਇਹ ਤਾਂ ਖੀਰ ਲੱਗ ਹੀ ਨਹੀਂ ਰਹੀ,÷ ਅਰਨਵ ਨੇ ਭੈੜਾ ਜਿਹਾ ਮੂੰਹ ਬਣਾਉਂਦੇ ਹੋਏ ਕਿਹਾ।

÷ਕਿਉਂਕਿ ਇਹ ਖੀਰ ਬਿਲਕੁਲ ਨਹੀਂ ਹੈ। ਇਹ ਦੁੱਧ ਵਿੱਚ ਮਿਲਾਈ ਹੋਈ ਡਬਲਰੋਟੀ ਹੈ, ਬੇਟਾ!÷ ਮੰਮੀ ਨੇ ਹੱਸਦੇ ਹੋਏ ਕਿਹਾ।

ਉਦੋਂ ਹੀ ਪਾਪਾ ਦੇ ਮੋਬਾਈਲ ਫੋਨ ਤੇ ÷ਏਪ੍ਰਿਲ ਫੂਲ ਬਨਾਇਆ...÷ ਗੀਤ ਵੱਜਣਾ ਸ਼ੁਰੂ ਹੋ ਗਿਆ।

÷ਬੇਟਾ! ਮੈਂ ਇੱਕ ਘੰਟਾ ਪਹਿਲਾਂ ਹੀ ਦੀਪੂ ਨਾਲ ਗੱਲ ਕੀਤੀ ਸੀ। ਉਹ ਤਾਂ ਦਫ਼ਤਰ ਵੱਲੋਂ ਕਿਸੇ ਟ੍ਰੇਨਿੰਗ ਲਈ ਮੁੰਬਈ ਗਿਆ ਹੋਇਆ ਹੈ,÷ ਮੰਮੀ ਨੇ ਹੱਸਦੇ ਹੋਏ ਕਿਹਾ।

÷ਬੇਟਾ, ਤੂੰ ਆਪਣੀ ਮੰਮੀ ਨੂੰ ਅਪ੍ਰੈਲ ਫੂਲ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਖੁਦ ਹੀ ਬਣ ਗਿਆ। ਫਿਰ ਤੋਂ ਅਪ੍ਰੈਲ ਫੂਲ! ਮੈਨੂੰ ਵੀ ਪਤਾ ਸੀ ਕਿ ਦੀਪਕ ਮੁੰਬਈ ਵਿੱਚ ਹੈ,÷ ਪਾਪਾ ਨੇ ਹੱਸਦੇ ਹੋਏ ਕਿਹਾ।

÷ਹੁਣ ਦੱਸ, ਤੂੰ ਅੱਜ ਕਿੰਨੀ ਵਾਰ ਅਪ੍ਰੈਲ ਫੂਲ ਬਣਿਆ ਹੈਂ?÷ ਮੰਮੀ ਨੇ ਮੁਸਕਰਾਉਂਦੇ ਹੋਏ ਪੁੱਛਿਆ।

÷ਤਿੰਨ ਵਾਰ,÷ ਅਰਨਵ ਨੇ ਝਿਜਕਦੇ ਹੋਏ ਜਵਾਬ ਦਿੱਤਾ। ਟ੍ਰਿਪਲ ਅਪ੍ਰੈਲ ਫੂਲ!÷ ਪਾਪਾ ਨੇ ਕਿਹਾ ਅਤੇ ਫਿਰ ਸਾਰੇ ਹੱਸਣ ਲੱਗ ਪਏ।

ਮੂਲ : ਹਰੀਸ਼ ਕੁਮਾਰ 'ਅਮਿਤ', ਗੁਰੂਗ੍ਰਾਮ (ਹਰਿਆਣਾ) (9899221107)
ਅਨੁ : ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ-147002. (9417692015)

# ਲੋਕਾਂ ਨੂੰ ਮੁਫ਼ਤਖੋਰ ਬਣਾਉਣ ਦੀ ਥਾਂ ਕੰਮ ਦੇ ਮੌਕੇ ਪੈਦਾ ਕਰਨ ਸਰਕਾਰਾਂ

## (ਦੇਸ਼ ਦੀ ਤਰੱਕੀ ਮੁਫ਼ਤ ਦੀਆਂ ਸਹੂਲਤਾਂ ਨਾਲ ਨਹੀਂ, ਸਗੋਂ ਨਾਗਰਿਕਾਂ ਦੀ ਮਿਹਨਤ ਅਤੇ ਹੁਨਰ ਨਾਲ ਹੁੰਦੀ ਹੈ)

ਅਜੋਕੇ ਸਮੇਂ ਵਿੱਚ ਭਾਰਤ ਦੀ ਰਾਜਨੀਤੀ ਵਿੱਚ ਇੱਕ ਨਵਾਂ ਰੁਝਾਨ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ, ਜਿਸ ਨੂੰ ਆਮ ਭਾਸ਼ਾ ਵਿੱਚ ਮੁਫ਼ਤ ਸਹੂਲਤਾਂ ਜਾਂ ਰੇਵੜੀ ਸਭਿਆਚਾਰ ਕਿਹਾ ਜਾਂਦਾ ਹੈ। ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਤਾਂ ਸਿਆਸੀ ਪਾਰਟੀਆਂ ਜਨਤਾ ਨੂੰ ਲੁਭਾਉਣ ਲਈ ਕਈ ਤਰ੍ਹਾਂ ਦੇ ਵਾਅਦੇ ਕਰਨੇ ਸ਼ੁਰੂ ਕਰ ਦਿੰਦੀਆਂ ਹਨ। ਕੋਈ ਪਾਰਟੀ ਮੁਫ਼ਤ ਬਿਜਲੀ ਦੇਣ ਦੀ ਗੱਲ ਕਰਦੀ ਹੈ, ਕੋਈ ਹਰ ਮਹੀਨੇ ਲੋਕਾਂ ਦੇ ਖਾਤਿਆਂ ਵਿੱਚ ਨਕਦ ਪੈਸੇ ਪਾਉਣ ਦਾ ਵਾਅਦਾ ਕਰਦੀ ਹੈ ਅਤੇ ਕੋਈ ਹੋਰ ਚੀਜ਼ਾਂ ਮੁਫ਼ਤ ਦੇਣ ਦਾ ਲਾਲਚ ਦਿੰਦੀ ਹੈ। ਹਾਲਾਂਕਿ ਕਿਸੇ ਵੀ ਦੇਸ਼ ਵਿੱਚ ਗਰੀਬਾਂ ਦੀ ਮਦਦ ਕਰਨਾ ਸਰਕਾਰ ਦਾ ਫਰਜ਼ ਹੁੰਦਾ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਮੁਫ਼ਤ ਦੀਆਂ ਸਹੂਲਤਾਂ ਸੱਚਮੁੱਚ ਸਾਡੇ ਦੇਸ਼ ਦਾ ਭਵਿੱਖ ਸੁਧਾਰ ਰਹੀਆਂ ਹਨ ਜਾਂ ਫਿਰ ਸਾਨੂੰ ਇੱਕ ਅਜਿਹੀ ਮੁਸੀਬਤ ਵੱਲ ਲੈ ਕੇ ਜਾ ਰਹੀਆਂ ਹਨ ਜਿੱਥੋਂ ਨਿਕਲਣਾ ਔਖਾ ਹੋ ਜਾਵੇਗਾ।




ਇੱਕ ਬਹੁਤ ਪੁਰਾਣੀ ਅਤੇ ਸਿਆਣੀ ਕਹਾਵਤ ਹੈ ਕਿ ਕਿਸੇ ਭੁੱਖੇ ਬੰਦੇ ਨੂੰ ਰੋਜ਼ਾਨਾ ਮੱਛੀ ਫੜ ਕੇ ਦੇਣ ਨਾਲੋਂ ਚੰਗਾ ਹੈ ਕਿ ਉਸ ਨੂੰ ਮੱਛੀ ਫੜਨਾ ਸਿਖਾ ਦਿੱਤਾ ਜਾਵੇ। ਜੇ ਤੁਸੀਂ ਕਿਸੇ ਨੂੰ ਮੱਛੀ ਖੁਆਉਂਦੇ ਹੋ ਤਾਂ ਉਸ ਦਾ ਪੇਟ ਸਿਰਫ਼ ਇੱਕ ਦਿਨ ਲਈ ਭਰੇਗਾ, ਪਰ ਜੇ ਤੁਸੀਂ ਉਸ ਨੂੰ ਮੱਛੀ ਫੜਨ ਦਾ ਹੁਨਰ ਸਿਖਾ ਦਿੰਦੇ ਹੋ ਤਾਂ ਉਹ ਸਾਰੀ ਉਮਰ ਆਪਣੀ ਮਿਹਨਤ ਨਾਲ ਰੋਟੀ ਕਮਾ ਸਕਦਾ ਹੈ। ਅੱਜ ਸਾਡੀਆਂ ਸਰਕਾਰਾਂ ਨੂੰ ਬਿਲਕੁਲ ਇਸੇ ਸੋਚ ਦੀ ਲੋੜ ਹੈ। ਜਦੋਂ ਸਰਕਾਰਾਂ ਹਰ ਚੀਜ਼ ਮੁਫ਼ਤ ਦੇਣ ਲੱਗਦੀਆਂ ਹਨ ਤਾਂ ਲੋਕ ਹੌਲੀ-ਹੌਲੀ ਸਰਕਾਰ 'ਤੇ ਨਿਰਭਰ ਹੋ ਜਾਂਦੇ ਹਨ। ਇਸ ਨਾਲ ਸਮਾਜ ਵਿੱਚ ਮਿਹਨਤ ਕਰਨ ਦੀ ਆਦਤ ਘਟਣ ਲੱਗਦੀ ਹੈ। ਜਦੋਂ ਕਿਸੇ ਨੂੰ ਲੱਗਦਾ ਹੈ ਕਿ ਉਸ ਦਾ ਗੁਜ਼ਾਰਾ ਬਿਨਾਂ ਕੰਮ ਕੀਤੇ ਹੋ ਸਕਦਾ ਹੈ, ਤਾਂ ਉਸ ਅੰਦਰੋਂ ਅੱਗੇ ਵਧਣ ਅਤੇ ਸੰਘਰਸ਼ ਕਰਨ ਦੀ ਇੱਛਾ ਖ਼ਤਮ ਹੋ ਜਾਂਦੀ ਹੈ। ਇਹ ਸਥਿਤੀ ਕਿਸੇ ਵੀ ਦੇਸ਼ ਦੀ ਤਰੱਕੀ ਲਈ ਚੰਗੀ ਨਹੀਂ ਹੁੰਦੀ।

ਇਸ ਦਾ ਸਭ ਤੋਂ ਵੱਡਾ ਨੁਕਸਾਨ ਦੇਸ਼ ਦੇ ਖ਼ਜ਼ਾਨੇ ਅਤੇ ਆਰਥਿਕਤਾ ਨੂੰ ਹੁੰਦਾ ਹੈ। ਜਦੋਂ ਸਰਕਾਰ ਆਪਣਾ ਬਹੁਤ ਸਾਰਾ ਪੈਸਾ ਮੁਫ਼ਤ ਦੀਆਂ ਚੀਜ਼ਾਂ ਅਤੇ ਸਬਸਿਡੀਆਂ 'ਤੇ ਖਰਚ ਕਰ ਦਿੰਦੀ ਹੈ, ਤਾਂ ਵਿਕਾਸ ਦੇ ਵੱਡੇ ਕੰਮਾਂ ਲਈ ਪੈਸਾ ਘੱਟ ਜਾਂਦਾ ਹੈ। ਦੇਸ਼ ਨੂੰ ਚੰਗੇ ਸਕੂਲ, ਵੱਡੇ ਹਸਪਤਾਲ, ਪੱਕੀਆਂ ਸੜਕਾਂ ਅਤੇ ਨਵੀਆਂ ਫੈਕਟਰੀਆਂ ਦੀ ਲੋੜ ਹੁੰਦੀ ਹੈ। ਜੇ ਪੈਸਾ ਇਹਨਾਂ ਚੀਜ਼ਾਂ 'ਤੇ ਖਰਚ ਹੋਵੇਗਾ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਫਾਇਦਾ ਹੋਵੇਗਾ। ਪਰ ਜਦੋਂ ਸਰਕਾਰ ਸਾਰਾ ਪੈਸਾ ਮੁਫ਼ਤ ਦੀਆਂ ਵਸਤਾਂ ਵਿੱਚ ਵੰਡ ਦਿੰਦੀ ਹੈ ਤਾਂ ਵਿਕਾਸ ਦੇ ਕੰਮ ਰੁਕ ਜਾਂਦੇ ਹਨ। ਸਰਕਾਰਾਂ ਨੂੰ ਇਨ੍ਹਾਂ ਸਹੂਲਤਾਂ ਲਈ ਕਈ ਵਾਰ ਕਰਜ਼ਾ ਵੀ ਲੈਣਾ ਪੈਂਦਾ ਹੈ ਅਤੇ ਉਸ ਕਰਜ਼ੇ ਦਾ ਬੋਝ ਵੀ ਅਖੀਰ ਵਿੱਚ ਆਮ ਲੋਕਾਂ 'ਤੇ ਟੈਕਸ ਦੇ ਰੂਪ ਵਿੱਚ ਹੀ ਪੈਂਦਾ ਹੈ। ਇਸ ਤਰ੍ਹਾਂ ਅਸੀਂ ਅੱਜ ਦੀ ਛੋਟੀ ਜਿਹੀ ਸਹੂਲਤ ਲਈ ਆਪਣਾ ਆਉਣ ਵਾਲਾ ਕੱਲ੍ਹ ਖ਼ਰਾਬ ਕਰ ਰਹੇ ਹਾਂ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਿਰਫ਼ ਵੋਟਾਂ ਲੈਣ ਦੀ ਰਾਜਨੀਤੀ ਨਾ ਕਰਨ, ਸਗੋਂ ਦੇਸ਼ ਨੂੰ ਮਜ਼ਬੂਤ ਬਣਾਉਣ ਬਾਰੇ ਸੋਚਣ। ਲੋਕਾਂ ਨੂੰ ਸਹਾਰੇ ਦੇਣ ਦੀ ਥਾਂ ਅਜਿਹਾ ਮਾਹੌਲ ਬਣਾਇਆ ਜਾਵੇ ਜਿੱਥੇ ਹਰ ਇੱਕ ਨੂੰ ਕੰਮ ਮਿਲ ਸਕੇ। ਜਦੋਂ ਕੋਈ ਨੌਜਵਾਨ ਆਪਣੀ ਪੜ੍ਹਾਈ ਅਤੇ ਹੁਨਰ ਦੇ ਹਿਸਾਬ ਨਾਲ ਨੌਕਰੀ ਕਰਦਾ ਹੈ ਜਾਂ ਕੋਈ ਕੰਮ ਸ਼ੁਰੂ ਕਰਦਾ ਹੈ, ਤਾਂ ਉਹ ਆਰਥਿਕ ਤੌਰ 'ਤੇ ਮਜ਼ਬੂਤ ਹੁੰਦਾ ਹੈ ਅਤੇ ਉਸ ਦਾ ਆਤਮ-ਵਿਸ਼ਵਾਸ ਵੀ ਵਧਦਾ ਹੈ। ਮਿਹਨਤ ਨਾਲ ਕਮਾਇਆ ਪੈਸਾ ਇਨਸਾਨ ਨੂੰ ਇੱਜ਼ਤ ਦੀ ਜ਼ਿੰਦਗੀ ਦਿੰਦਾ ਹੈ। ਇੱਕ ਮਿਹਨਤਕਸ਼ ਇਨਸਾਨ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਂਦਾ ਹੈ, ਜਦਕਿ ਮੁਫ਼ਤ ਚੀਜ਼ਾਂ ਦੀ ਆਸ ਰੱਖਣ ਵਾਲਾ ਬੰਦਾ ਹੌਲੀ-ਹੌਲੀ ਸਿਸਟਮ 'ਤੇ ਬੋਝ ਬਣਨ ਲੱਗਦਾ ਹੈ। ਸਾਡੀ ਸਿੱਖਿਆ ਪ੍ਰਣਾਲੀ ਵਿੱਚ ਵੀ ਵੱਡੇ ਸੁਧਾਰਾਂ ਦੀ ਲੋੜ ਹੈ। ਸਰਕਾਰਾਂ ਨੂੰ ਸਿਰਫ਼ ਡਿਗਰੀਆਂ ਵੰਡਣ ਵਾਲੇ ਕਾਲਜਾਂ ਦੀ ਥਾਂ ਅਜਿਹੇ ਸੈਂਟਰ ਖੋਲ੍ਹਣੇ ਚਾਹੀਦੇ ਹਨ ਜਿੱਥੇ ਨੌਜਵਾਨਾਂ ਨੂੰ ਕੋਈ ਹੁਨਰ ਸਿਖਾਇਆ ਜਾ ਸਕੇ। ਜੇਕਰ ਬੱਚਿਆਂ ਨੂੰ ਤਕਨੀਕੀ ਕੰਮ ਜਾਂ ਕੋਈ ਹੋਰ ਪੇਸ਼ੇਵਰ ਸਿਖਲਾਈ ਦਿੱਤੀ ਜਾਵੇਗੀ ਤਾਂ ਉਹ ਪੜ੍ਹਾਈ ਖ਼ਤਮ ਕਰਕੇ ਆਪਣਾ ਕੰਮ ਸ਼ੁਰੂ ਕਰ ਸਕਣਗੇ। ਛੋਟੇ ਉਦਯੋਗਾਂ ਅਤੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿਉਂਕਿ ਇਹੀ ਉਹ ਖੇਤਰ ਹਨ ਜਿੱਥੇ ਸਭ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਸਾਡੇ ਪਿੰਡਾਂ ਵਿੱਚ ਖੇਤੀ ਨਾਲ ਜੁੜੇ ਛੋਟੇ ਕਾਰਖਾਨੇ ਲਗਾਏ ਜਾਣੇ ਚਾਹੀਦੇ ਹਨ ਤਾਂ ਜੋ ਪੇਂਡੂ ਨੌਜਵਾਨਾਂ ਨੂੰ ਕੰਮ ਲਈ ਸ਼ਹਿਰਾਂ ਵੱਲ ਨਾ ਭੱਜਣਾ ਪਵੇ।

ਅਖੀਰ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਸੱਚੀ ਭਲਾਈ ਇਸ ਵਿੱਚ ਨਹੀਂ ਹੈ ਕਿ ਲੋਕਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਦੇ ਕੇ ਉਨ੍ਹਾਂ ਨੂੰ ਕਮਜ਼ੋਰ ਬਣਾਇਆ ਜਾਵੇ। ਸੱਚੀ ਸੇਵਾ ਇਹ ਹੈ ਕਿ ਲੋਕਾਂ ਨੂੰ ਇੰਨਾ ਕਾਬਲ ਬਣਾਇਆ ਜਾਵੇ ਕਿ ਉਹ ਖੁਦ ਆਪਣੇ ਪਰਿਵਾਰ ਦਾ ਢਿੱਡ ਭਰ ਸਕਣ। ਜੇਕਰ ਸਰਕਾਰਾਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਅਤੇ ਕੰਮ ਕਰਨ ਵਾਲਿਆਂ ਲਈ ਚੰਗਾ ਮਾਹੌਲ ਬਣਾਉਣ, ਤਾਂ ਦੇਸ਼ ਦਾ ਹਰ ਨਾਗਰਿਕ ਮਾਣ ਨਾਲ ਜੀਅ ਸਕੇਗਾ। ਦੇਸ਼ ਦੀ ਤਰੱਕੀ ਮੁਫ਼ਤ ਦੀਆਂ ਸਹੂਲਤਾਂ ਨਾਲ ਨਹੀਂ, ਸਗੋਂ ਨਾਗਰਿਕਾਂ ਦੀ ਮਿਹਨਤ ਅਤੇ ਹੁਨਰ ਨਾਲ ਹੁੰਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਜਨਤਾ ਵੀ ਮੁਫ਼ਤ ਦੇ ਲਾਲਚ ਵਿੱਚ ਆਉਣ ਦੀ ਬਜਾਏ ਸਰਕਾਰਾਂ ਤੋਂ ਰੁਜ਼ਗਾਰ, ਬਿਹਤਰ ਸਕੂਲ ਅਤੇ ਵਧੀਆ ਹਸਪਤਾਲਾਂ ਦੀ ਮੰਗ ਕਰੇ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਇੱਕ ਮਜ਼ਬੂਤ ਦੇਸ਼ ਵਿੱਚ ਰਹਿ ਸਕੇ।

ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ),
ਸੰਪਰਕ 9876888177

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350 | Website: www.preetnama.com Email preetnamausa@gmail.com | 17 APRIL TO 23 APRIL, 2026




# ਪ੍ਰੀਤ ਫੁਲਵਾੜੀ

## ਮਹਿਮਾਨ (ਗੀਤ)

ਆਉਣੇ ਕੰਮ ਨਾ ਕਰੋੜ ਤੇਰੇ ਲੱਖ ਬੰਦਿਆ।
ਲੱਖ ਬੰਦਿਆ।
ਏਥੋਂ ਤੂੰ ਵੀ ਟੁਰ ਜਾਣਾ
ਖ਼ਾਲੀ ਹੱਥ ਬੰਦਿਆ
ਏਥੇ ਵੱਡੇ ਵੱਡੇ ਹੋਏ ਖੱਬੀਖਾਨ ਵੇ।
ਕਦੇ ਮਹਿਲਾਂ ਦੀ ਹੁੰਦੇ ਜਿਹੜੇ ਸ਼ਾਨ ਵੇ।
ਰਾਜੇ ਸਿਪਾ ਤੇ ਸਲਾਰ,ਓਹਵੀ ਮੰਨ ਗਏ ਹਾਰ
ਇਹਤੋਂ ਹੋਰ ਕੀ ਲੱਭੇਂਗਾ ਪ੍ਰਤੱਖ ਬੰਦਿਆ।
ਪ੍ਰਤੱਖ ਬੰਦਿਆ।
ਆਉਣੇ ਕੰਮ ਨਾ ਕਰੋੜ ਤੇਰੇ ਲੱਖ ਬੰਦਿਆ
ਏਥੋਂ ਤੂੰ ਵੀ ਟੁਰ ਜਾਣਾ
ਖ਼ਾਲੀ ਹੱਥ ਬੰਦਿਆ।
ਸੁਣੀ ਬੇਬੇ ਕੋਲ਼ੋਂ ਹੋਣੀਆਂ ਕਹਾਣੀਆਂ।
ਕਿੰਨੇ ਏਥੋਂ ਹੋਕੇ ਲੰਘੇ ਰਾਜੇ ਰਾਣੀਆਂ।
ਬੜੀ ਸੀ ਵੇ ਚਹਿਲ ਪਹਿਲ,ਜਾਕੇ ਵੇਖੀਂ ਤਾਜ ਮਹਿਲ
ਕੁਝ ਖੰਡਰਾਂ ਚ ਉੱਗ ਪਿਆ ਕੱਖ ਬੰਦਿਆ।
ਕੱਖ ਬੰਦਿਆ।
ਆਉਣੇ ਕੰਮ ਨਾ ਕਰੋੜ ਤੇਰੇ ਲੱਖ ਬੰਦਿਆ
ਏਥੋਂ ਤੂੰ ਟੁਰ ਜਾਣਾ
ਖਾਲੀ ਹੱਥ ਬੰਦਿਆ।
ਜਿੱਥੇ ਬਾਂਦੀਆਂ ਉਹ ਘੁੰਮੀਆਂ ਸਹੇਲੀਆਂ।
ਅੱਜ ਵੱਜਦੀਆਂ ਭੂਤੀਆ ਹਵੇਲੀਆਂ।
ਰਾਤੀ ਭਰਦੀ ਉਡਾਰ,ਚਮਗਿੱਦੜਾਂ ਦੀ ਡਾਰ
ਨਾਗ ਮੇਲਦੇ ਨੇ ਖੁੰਡਾਂ ਉੱਤੇ ਵੱਖ ਬੰਦਿਆ।
ਵੱਖ ਬੰਦਿਆ।
ਆਉਣੇ ਕੰਮ ਨਾ ਕਰੋੜ ਤੇਰੇ ਲੱਖ ਬੰਦਿਆ
ਏਥੋਂ ਤੂੰ ਵੀ ਟੁਰ ਜਾਣਾ
ਖਾਲੀ ਹੱਥ ਬੰਦਿਆ।
ਜਿਨਾਂ ਲੜ ਲੜ ਕਦੇ ਜੰਗਾਂ ਜਿੱਤੀਆਂ।
ਓਥੇ ਗੋਲਿਆਂ ਨੇ ਅੱਜ ਬਿੱਠਾਂ ਕਿੱਤੀਆਂ।
ਉਹ ਵੀ ਕਬਰਾਂ ਚ ਸੁੱਤੇ,ਹੁਣ ਭੌਂਕਦੇ ਨੇ ਕੁੱਤੇ,
ਪਹੀਏ ਖੁੱਲ੍ਹਗੇ ਤੇ ਧੋਖਾ ਦੇਗੇ ਰੱਥ ਬੰਦਿਆ।
ਰੱਥ ਬੰਦਿਆ।
ਆਉਣੇ ਕੰਮ ਨਾ ਕਰੋੜ ਤੇਰੇ ਲੱਖ ਬੰਦਿਆ।
ਏਥੋਂ ਤੂੰ ਵੀ ਟੁਰ ਜਾਣਾ
ਖਾਲੀ ਹੱਥ ਬੰਦਿਆ।
ਪੈਸੇ ਬਿਨ ਨਾ ਗੁਜ਼ਾਰਾ ਚਲੋ ਮੰਨਿਆਂ।
ਖਾਵੀਂ ਹੱਕ ਦਾ ਕਮਾ ਕੇ ਪਰ ਧੰਨਿਆਂ।
ਕਾਹਦਾ ਬਣਿਆ ਲਖਾਰੀ, ਆਉਣੀ ਤੇਰੀ ਵੀ ਏ ਵਾਰੀ।
ਤੇਰੀ ਖੁਲਣੀ ਨਾ ਲੱਗਗੀ ਜੇ ਅੱਖ ਬੰਦਿਆ।
ਅੱਖ ਬੰਦਿਆ।
ਆਉਣੇ ਕੰਮ ਨਾ ਕਰੋੜ ਤੇਰੇ ਲੱਖ ਬੰਦਿਆ।
ਏਥੋਂ ਤੂੰ ਵੀ ਟੁਰ ਜਾਣਾ
ਖਾਲੀ ਹੱਥ ਬੰਦਿਆ।
**ਧੰਨਾ ਧਾਲੀਵਾਲ**

## ਕਾਮਯਾਬੀ ਦੀ ਕਿਰਨ

ਅੱਜ ਉਮੀਦ ਦੇ ਗਰਭ ਚੋ
ਫਿਰ ਇਕ ਉਮੀਦ ਫੁੱਟੇਗੀ
ਜਦੋਂ ਮਹਿਲਾ ਕੌਮਾਂਤਰੀ ਦਿਵਸ ਤੇ
ਔਰਤ ਔਰਤ ਦੇ ਹੱਕਾਂ ਲਈ ਜੁੱਟੇਗੀ
ਇਹੀ ਉਮੀਦ ਦੀ ਨੰਨੀ ਕਲੀ
ਇਕ ਦਿਨ ਖਿੜ ਜਾਵੇਗੀ
ਵੰਡੇਗੀ ਆਪਣੀ ਖੁਸ਼ਬੋਈ
ਤੇ ਸਭ ਦੇ ਮਨ ਨੂੰ ਭਾਵੇਗੀ
ਆਪਣੇ ਗੁਣਾਂ ਦੀ ਮਹਿਕ ਨਾਲ
ਮਹਿਕਾ ਦੇਵੇਗੀ ਚਾਰ-ਚੁਫੇਰਾ
ਚੜਦੇ ਸੂਰਜ ਦੀ ਲਾਲੀ ਵਾਂਗ
ਖਤਮ ਕਰਦੂਗੀ ਹਰ ਹਨ੍ਹੇਰਾ
**ਵੀਨਾ ਬਟਾਲਵੀ (ਪੰਜਾਬੀ ਅਧਿਆਪਕਾ)**
**ਸ ਸ ਸ ਸਕੂਲ ਕਿਲ੍ਹਾ ਟੇਕ ਸਿੰਘ-ਬਟਾਲਾ**

## ਡੰਗੋਰੀ

ਸੱਟ ਡੰਗੋਰੀ ਖਾ ਬੈਠਾ ਸੂ ,
ਦਿਲ ਕਿਸੇ ਹੱਥ ਫੜਾ ਬੈਠਾ ਸੂ।
ਦੂਜਿਆਂ ਨੂੰ ਓ ਆਂਹਦਾ-ਆਂਹਦਾ,
ਅਕਲ ਤੇ ਪਰਦਾ ਪਾ ਬੈਠਾ ਸੂ।
ਥੱਲ੍ਹਿਓ ਉੱਠ ਸਿਕੰਦਰ ਬਣਿਆ,
ਮਸਜਿਦ ਬਣਿਆ, ਮੰਦਰ ਬਣਿਆ ।
ਪਰ ਰੱਬ ਕਿਤੇ ਹੋਰ ਬਠਾ (ਬਿਠਾ) ਬੈਠਾ ਸੂ,
ਅਕਲ ਤੇ ਪਰਦਾ ਪਾ ਬੈਠਾ ਸੂ ।
ਕਿਸੇ ਦੀ ਕਿੱਥੇ ਮੰਨਦੈਂ ਚੰਦਰਾ,
ਸੀਤੇ ਬੁੱਲ੍ਹ ਜਾਂ ਲਾ ਲਿਆ ਜੰਦਰਾ (ਜਿੰਦਰਾ)।
ਅੱਖੀਂਓ ਲਹੂ ਵਹਾਅ ਬੈਠਾ ਸੂ,
ਅਕਲ ਤੇ ਪਰਦਾ ਪਾ ਬੈਠਾ ਸੂ ।
ਬਾਰਗਾਹਾਂ ਦੇ ਲਾ - ਲਾ ਗੇੜੇ ,
ਧੁਰ ਨਾ ਅੱਪੜਿਆਂ ਤੇਰੇ ਵੇੜੇ (ਵਿਹੜੇ)।
ਥਿੱਕੜੇ ਭਾਵੇਂ ਲੁਹਾਅ ਬੈਠਾ ਸੂ,
ਅਕਲ ਤੇ ਪਰਦਾ ਪਾ ਬੈਠਾ ਸੂ ।
ਸਿਮਰ ਨੂੰ ਸਿਮਰਨ ਕਹਿੰਦਾ ਰਹਿੰਦੈ,
ਪਰ ਹੱਥਾਂ ਵਿੱਚ ਕਦੇ ਨਾਮ ਨਾ ਲੈਂਦੈ ।
ਉਂਝ ਪੰਜ-ਸ਼ਨਾਨਾਂ (ਇਸ਼ਨਾਨਾਂ) ਨਹਾ ਬੈਠਾ ਸੂ,
ਅਕਲ ਤੇ ਪਰਦਾ ਪਾ ਬੈਠਾ ਸੂ।
**ਸਿਮਰਨਜੀਤ ਕੌਰ ਸਿਮਰ**
**ਪਿੰਡ :- ਮਵੀ ਸੱਪਾਂ ( ਸਮਾਣਾ )**

## ਮਾਂ ਨੂੰ ਬਿਰਧ .ਆਸ਼ਰਮ ਵਿੱਚ

ਪੁੱਤ ਨੂੰ ਪਾਲਿਆ - ਪੋਸਿਆ ਤੇ ਪੜ੍ਹਾਇਆ ,
ਤੱਤੀਆਂ -ਠੰਡੀਆਂ ਤੋਂ ਬਚਾਇਆ ।
ਰੱਖ ਨੌਂ ਮਹੀਨੇ ਲੁਕੋ ਕੇ ਢਿੱਡ ਵਿਚ ,
ਇਸ ਫ਼ਾਨੀ ਸੰਸਾਰ ਦਾ ਰਾਹ ਦਿਖਾਇਆ ।
ਬਦਲੇ ਦੇ ਵਿੱਚ ਉਸ ਛਿੰਦੇ ਪੁੱਤ ਨੇ ,
ਮਾਂ ਨੂੰ ਆਸ਼ਰਮ ਜਾ ਬਿਠਾਇਆ ।
ਕੀ ਮਾਂ ਹੁਣ ਪਹਾੜੋਂ ਭਾਰੀ ਹੋ ਗਈ ?
ਜਿਸ ਤੈਨੂੰ ਗੋਦੀ ਵਿੱਚ ਸੁਲਾਇਆ ।
ਉਹਨੂੰ ਧੱਕੇ ਦੇ ਦੇ ਘਰੋਂ ਤੂੰ ਕੱਢਿਆ ,
ਜੀਹਨੇ ਉਂਗਲੀ ਫੜ ਚੱਲਣਾ ਸਿਖਾਇਆ ।
ਕੌਣ ਦੀਵਾ ਬਣ ਕੇ ਜਗਦੀ ਸੀ ਰਹਿੰਦੀ ,
ਸੀ ,ਜਿੰਨਾ ਚਿਰ ਤੂੰ ਘਰ ਨਾ ਆਇਆ ।
ਤੇਰੇ ਤੋ ਦੋ ਵਕਤ ਦੀ ਰੋਟੀ ਵੀ ਨਾ ਸਰੀ ?
ਆਪ ਭੁੱਖੀ ਰਹਿ ਤੈਨੂੰ ਜਿਸ ਰਜਾਇਆ ॥
ਤੈਨੂੰ ਤਾਪ ਚੜ੍ਹੇ ਓ ਮੁੱਕ ਜਾਂਦੀ ਸੀ ‘
ਵੇ ਜੀਹਦੀ ਰੂਹ ਨੂੰ ਤੂੰ ਤੜਫਾਇਆ ।
ਆਪਣੀ ਮਾਂ ਨੂੰ ਮਾਰਨ ਦੇ ਦੋਸ਼ ਲੱਗਣਗੇ ,
ਜਦ ਰੱਬ ਨੇ ਤੈਨੂੰ ਫਤਵਾ ਸੁਣਾਇਆ ।
ਜਦ ਵੀ ਆਸ਼ਰਮ ਦਾ ਬੂਹਾ ਖੜਕਿਆ ,
ਮਾਂ ਨੂੰ ਹੁੰਦਾ ਸੀ ਖੌਰੇ ਤੂੰ ਆਇਆ ।
**ਲੇਖਕ -ਮਨਦੀਪ ਖਾਨਪੁਰੀ**
**9779179060**

## ਹਿੰਮਤ ਨਾ ਹਾਰ

ਉੱਠ ਮੂੰਹ ਤੇ ਪਾਣੀ ਦੇ ਛਿੱਟੇ ਮਾਰ
ਛਟ ਜਾਵੇਗਾ ਸਾਰਾ ਗੁਬਾਰ
ਕਰ ਹੌਸਲਾ
ਹਿੰਮਤ ਨਾ ਹਾਰ
ਮੰਨਿਆ
ਸਭ ਧੁੰਦਲਾ
ਤੇਰੀ ਨਜ਼ਰ ਸਾਹਵੇਂ
ਕੋਈ ਦ੍ਰਿਸ਼ ਨਹੀਂ ਸਾਕਾਰ
ਟੋਹ ਆਪਣੇ ਮਨ ਨੂੰ
ਅੰਦਰ ਝਾਤੀ ਮਾਰ
ਜੋ ਕੁਝ ਵੀ ਹੈ
ਤੇਰੇ ਵਿੱਚ ਹੈ
ਕੁਝ ਵੀ ਨਹੀਂ ਤੇਰੇ ਤੋਂ ਬਾਹਰ
ਪੀ ਜਾ
ਜ਼ਮਾਨੇ ਦੀ ਸਾਰੀ ਕੁੜੱਤਣ
ਇਸ ਤਰ੍ਹਾਂ
ਅੰਦਰ ਦੀ ਜ਼ਹਿਰ ਮਾਰ
ਐਵੇਂ ਨਾ ਹੋ ਖੁਆਰ
ਉੱਠ ਕੇ ਹੰਭਲਾ ਮਾਰ
ਰੋ ਨਾ ਤੂੰ ਇਕੱਲਾ ਤਾਂ ਨਹੀਂ
ਜੋ ਰਿਹਾ
ਆਪਣਿਆਂ ਤੋਂ ਹਾਰ
ਇਹ ਜੱਗ ਘੁੰਮਣ ਘੇਰੀ
ਆ ਨਿਕਲੀਏ ਇਸ ਤੋਂ ਬਾਹਰ
**ਹਰਪ੍ਰੀਤ ਕੌਰ ਸੰਧੂ**

## ਪੰਜਾਬੀ ਭਾਸ਼ਾ

ਬੱਲੇ ਨੀਂ -------------- ਪੰਜਾਬਣੇ
ਤੂੰ ਬੜੀ ਹੀ----------ਮਹਾਨ ਏਂ
ਵੱਖਰੀ ਏ -------------ਤੋਰ ਤੇਰੀ
ਤੇ ਵੱਖਰੀ ------------ਪਹਿਚਾਣ ਏਂ
ਹਰ ਇੱਕ ਗੱਲ
ਤੂੰ ਬੜੇ ------------ਪਿਆਰ ਨਾਲ
ਸਮਝਾਂਉਦੀ ਏਂ
ਭੈੜੀਆ ਜੋ ----- -----ਰਾਹਾਂ ਨੇਂ
ਤੂੰ ਸਾਨੂੰ------ --ਉਹਨਾਂ ਤੋਂ
ਬਚਾਉਂਦੀਏ
ਜਿੱਥੇ -----ਕੋਈ ਨਾਂ -----ਖੱੜਦਾ
ਤੂੰ----ਉੱਥੇ ਜਾ ਕੇ-------ਖੱੜਦੀ
ਹੱਕ ਅਤੇ-----------ਸੱਚ ਲਈ
ਤੂੰ ਜਾਵੇ --------------ਫਿਰ ਲੱੜਦੀ
ਸਾਰੇ ਹੀ----------ਜਹਾਨ ਨਾਲੋ
ਉੱਚੀ ਤੇਰੀ ----------ਸਾਂਨ -ਏਂ
ਕਈ ਯੋਧੇ -----------ਸੂਰਮੇਂ
ਹੋਏ ਤੇਰੇ ਤੋਂ ---------ਕੁਰਬਾਨ ਏਂ
ਸਾਬ ---ਸਾਰਿਆਂ ਦੇ ---ਮੁੱਖ ਤੋਂ
ਪੰਜਾਬੀ---ਬਹੁਤ ਸੋਹਣੀ ---ਫੱਬਦੀ
ਲਾਲ ਸੂਹੇ ---------------ਫੁੱਲਾਂ ਤੇ
ਮੁਟਿਆਰ -------------ਜਿਵੇਂ
ਪੱਬ-----ਬੋਚ -ਬੋਚ-------ਰੱਖਦੀ
ਕਈ ਝੱਖੜ--------ਹਨੇਰੀਆਂ--
ਤੇ ਕਈ--ਥੱਮੇਂ -------ਤੂੰ ਤੂਫਾਨ ਏਂ
ਬੱਲੇ ਨੀਂ ----------------ਪੰਜਾਬਣੇ
ਤੂੰ ਬੜੀ ਹੀ -----------ਮਹਾਨ ਏਂ
ਬੱਲੇ ਨੀਂ ---------------ਪੰਜਾਬੀਏਂ
ਤੂੰ ਬੜੀ ਹੀ ------------ਮਹਾਨ ਏਂ
**ਕੁੱਲਦੀਪ ਸਿੰਘ ਸਾਬਾ ਮੱਰੜੀ ਕਲਾਂ**
**99142--26365**

## ਨਿਸਾਨੀਆਂ

ਕਰਿਓ ਨਾ ਯਾਰੋ ਕਦੇ ਕੋਈ ਹੇਰਾਫੇਰੀਆਂ,
ਮਾਪਿਆਂ ਨੂੰ ਸਾਥੋਂ ਉਮੀਦਾਂ ਨੇ ਬਥੇਰੀਆਂ,,
ਔਖੇ ਸੌਖੇ ਰਾਹ ਤਾਂ ਸਭ ਪੈਣਿਆ ਲੰਘਣੇ,,
ਵੇਖਿਓ ਕਿਤੇ ਵਰਤ ਜਾਇਓ ਨਾ ਨਾਦਾਨੀਆਂ,,
ਮਾਵਾਂ ਦਾ ਜਦੋਂ ਕਿਤੇ ਪੁੱਤ ਦੂਰ ਹੋ ਜਾਵੇ,,
ਬੜਾ ਰੋਂਦੀਆਂ ਨੇ ਵੇਖ ਵੇਖ ਕੇ ਨਿਸਾਨੀਆਂ,,

ਬਾਪੂ ਦੀ ਉਂਗਲ ਤੇ ਮਾਂ ਦੀਆਂ ਲੋਰੀਆਂ,
ਭੁੱਲ ਕੇ ਕਿਤੇ ਵੇਖਾ ਦਿਉ ਨਾ ਕੰਮਜੋਰੀਆਂ,,
ਕੰਧਾਂ ਵੀ ਸਹਾਰਾ ਨਾ ਦੇਣ ਪਏ ਵਕਤ ਚ,,
ਜਦੋਂ ਸਾਰੀ ਦੁਨੀਆਂ ਦੀਆ ਮਿਲਣ ਹਾਨੀਆਂ,,
ਮਾਵਾਂ ਦਾ ਜਦੋਂ ਕਿਤੇ ਪੁੱਤ ਦੂਰ ਹੋ ਜਾਵੇ,,
ਬੜਾ ਰੋਂਦੀਆਂ ਨੇ ਵੇਖ ਵੇਖ ਕੇ ਨਿਸਾਨੀਆਂ,,

ਗੁੱਸੇ ਗਿਲ੍ਹੇ ਚੱਲਦੇ ਗਵਾ ਲਿਓ ਨਾ ਜਾਨ ਨੂੰ,,
ਸਾਂਭ ਸਾਂਭ ਰੱਖਿਓ ਜਿੰਦ ਕੱਚ ਦੇ ਸਮਾਨ ਨੂੰ,
ਘਰ ਫਿਰ ਘਰ ਨਹੀਂ ਰਹਿੰਦੇ ਸਮਸਾਨ ਜਾਪਦੇ,
ਜਿੱਥੋਂ ਯਾਰੋ ਚੋਰੀਓ ਤੁਰ ਜਾਣ ਜਵਾਨੀਆਂ,
ਮਾਵਾਂ ਦਾ ਜਦੋਂ ਕਿਤੇ ਪੁੱਤ ਦੂਰ ਹੋ ਜਾਵੇ,,
ਬੜਾ ਰੋਂਦੀਆਂ ਨੇ ਵੇਖ ਵੇਖ ਕੇ ਨਿਸਾਨੀਆਂ,,
ਜਿਉਂਦਿਆਂ ਦੇ ਮੇਲੇ ਮੱਖਣਾਂ ਕੌਣ ਮਰਕੇ ਮਿਲਦਾ,,
ਤਰਲਾ ਸੰਭਲੋ ਫੁੱਲ ਟੁੱਟ ਕੇ ਨਹੀਂ ਹੁੰਦਾ ਖਿਲਦਾ,,
ਤੇਰੇ ਪਿੱਛੋਂ ਹਾਹਾਹਾਹਾ ਹੀਹੀਹੀਹੀ ਸ਼ੇਰੋਂ ਵਾਲਿਆ,,
ਬਿਨ ਟੱਬਰ ਦੇ ਹੋਣ ਕਿਸੇ ਨੂੰ ਨਾ ਪ੍ਰੇਸ਼ਾਨੀਆਂ,
ਮਾਵਾਂ ਦਾ ਜਦੋਂ ਕਿਤੇ ਪੁੱਤ ਦੂਰ ਹੋ ਜਾਵੇ,,
ਬੜਾ ਰੋਂਦੀਆਂ ਨੇ ਵੇਖ ਵੇਖ ਕੇ ਨਿਸਾਨੀਆਂ,,
**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ**
**ਸੰਪਰਕ 98787-98726**

## ਭਗਤ ਸਿਆਂ ਤੇਰੀ ਸੋਚ ਨੂੰ

ਭਗਤ ਸਿਆਂ ਤੇਰੀ ਸੋਚ ਨੂੰ,
ਮੈਂ ਨਿਓ ਨਿਓ ਕਰਾਂ ਸਲਾਮ।
ਤੇਰੇ ਜਿਹੇ ਨਹੀਂ ਪੁੱਤ ਜੰਮਦੇ,
ਹਰ ਘਰ ਵਿੱਚ ਯੋਧੇ ਆਮ।
ਓਸ ਮਾਂ ਦੀ ਕੁੱਖ ਸੁਲੱਖਣੀ,
ਤੂੰ ਜਿਹਦੀ ਕੁੱਖੋਂ ਜਾਇਆ।
ਓਸ ਬਾਪ ਦਾ ਕਿੱਡਾ ਹੌਂਸਲਾ,
ਜਿਸ ਦੇਸ ਸੇਵਾ ਵਿੱਚ ਲਾਇਆ।
ਦੇਸ ਭਗਤੀ ਦਾ ਘਰ ਤੋਂ ਹੀ,
ਗਿਆ ਤੈਨੂੰ ਪਾਠ ਪੜ੍ਹਾਇਆ।
ਨਿੱਕੇ ਹੁੰਦਿਆਂ ਅਜਬੀ ਖੇਡਾਂ,
ਨਾਲ ਸੀ ਤੈਨੂੰ ਖਿਡਾਇਆ।
ਖਟਕੜ ਕਲਾਂ ਵਿੱਚ ਤੇਰੇ ਤੋਂ,
ਦੰਬੂਕਾਂ ਦਾ ਬੀਜ ਬਿਜਾਇਆ।
ਭਰ ਜਵਾਨੀ ਦੇ ਵਿਚ ਤੂੰ,
ਜਾਨ ਨੂੰ ਕੌਮ ਦੇ ਲੇਖੇ ਲਾਇਆ।
ਰਹਿੰਦੀ ਦੁਨੀਆਂ ਤੀਕ ਰਹੂ,
ਭਗਤ ਸਿਆਂ ਤੇਰਾ ਨਾਮ।
ਤੂੰ ਦੇਸ ਦੀ ਖਾਤਰ ਪੀ ਲਿਆ,
ਵੀਰਿਆ ਤੂੰ ਸਹੀਦੀ ਜਾਮ।
ਉਹ ਤਿੰਨੇ ਯੋਧੇ ਸੂਰਵੀਰ,
ਗਏ ਆਪਣੇ ਬੋਲ ਪੁਗਾ।
ਆਪਣੀ ਜਾਨ ਨੂੰ ਵਾਰ ਕੇ,
ਗਏ ਸੁੱਤੀ ਅਵਾਮ ਜਗਾ।
ਦੇਸ ਦੀ ਖਾਤਰ ਇਹ ਯੋਧੇ,
ਗਏ ਗਲ ਫਾਂਸੀ ਦਾ ਰੱਸਾ ਪਾ।
ਆਪਣੀ ਇਸ ਕੁਰਬਾਨੀ ਨਾਲ,
ਗਏ ਅਣਖ ਦਾ ਜਾਗ ਲਗਾ।
ਤੇਰੀ ਸੋਚ ਦੀ ਭਗਤ ਸਿਆਂ,
ਹਾਕਮਾਂ ਭੋਰਾ ਕਦਰ ਨਾਂ ਪਾਈ।
ਤੇਰੇ ਸੁਪਨਿਆਂ ਵਾਲੀ ਵੀਰਿਆ,
ਨਹੀਂ ਅਜੇ ਅਜਾਦੀ ਆਈ।
**ਅਰਸਪ੍ਰੀਤ ਕੌਰ ਸਰੋਆ**
**ਜਲਾਲਾਬਾਦ ਪੂਰਬੀ ਮੋਗਾ**

## ਭੁੱਖੀ ਲੂੰਬੜੀ

ਜੰਗਲ ਬੇਲੇ ਲੱਭਦੀ ਫਿਰਦੀ,
ਖਾਣ ਨੂੰ ਕੁਝ ਨਾ ਲੱਭੇ,
ਭੁੱਖੀ ਲੂੰਬੜੀ ਕਈ ਦਿਨਾਂ ਤੋਂ,
ਝਾਕੇ ਸੱਜੇ ਖੱਬੇ।
ਵੇਲ ਅੰਗੂਰਾਂ ਦੀ ਨਜਰੀਂ ਪੈ ਗਈ,
ਮਨ ਵਿੱਚ ਖੁਸੀ ਮਨਾਈ।
ਮੂੰਹ ਵਿੱਚ ਉਸਦੇ ਪਾਣੀ ਭਰਿਆ,
ਗਈ ਦੂਰ ਉਦਾਸੀ ਛਾਈ।
ਵੇਖ ਸਕੀਮਾਂ ਸੋਚਣ ਲੱਗੀ,
ਉੱਪਰੋਂ ਗੁੱਛੇ ਡਿੱਗਣ,
ਪਰ ਸਬਰ ਦਾ ਬੰਨ ਸੀ ਟੁੱਟਿਆ,
ਦੇਰ ਨਾ ਦੇਵੇ ਲੱਗਣ।
ਉੱਪਰ ਕੁੱਦੇ ਛਾਲਾਂ ਮਾਰੇ,
ਪਹੁੰਚ ਕੋਲ ਨਾ ਹੋਈ।
ਹਾਰ ਹੰਭ ਕੇ ਸੋਚੀ ਪੈ ਗਈ,
ਪਰਾਂ ਨੂੰ ਜਾ ਖਲੋਈ।
ਰਿਹਾ ਸੁਫਨਾ ਅੱਧ ਵਿਚਾਲੇ,
ਪੇਸ ਕੋਈ ਨਾ ਜਾਵੇ,
ਪਹਿਲਾਂ ਤੋਂ ਭੁੱਖ ਹੋਰ ਵੱਧ ਗਈ,
ਹੋਰ ਦੱਸੋ ਕੀ ਖਾਵੇ।
ਬੱਚਿਓ ਲੂੰਬੜੀ ਉੱਥੋ ਤੁਰ ਪਈ,
ਪੈਰ ਮਸਾਂ ਹੀ ਪੱਟੇ,
ਪੱਤੋ, ਥੂ ਥੂ ਕਰਦੀ ਜਾਦੀ,
ਕਹੇ ਅੰਗੂਰ ਨੇ ਖੱਟੇ।
**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਸੂਰਬੀਰ ਯੋਧਿਆਂ ਨੂੰ ਸਮਰਪਿਤ

ਸੂਰਬੀਰਾਂ ਨੂੰ ਜੰਮਿਆ ਜੀਹਨੇ,
ਉਸ ਮਾਂ ਨੂੰ ਸਿਰ ਜਿਹਾ ਝੁਕਦਾ ਹੈ।
ਅੱਜ ਦੇ ਦੌਰ ਵਿੱਚ ਮਿੱਤਰੋ ਓਏ,
ਬੰਦਾ ਅੱਕ ਕੇ ਰੱਸਾ ਚੁੰਮਦਾ ਹੈ।
ਗਰੀਬੀ ਚਿੰਤਾ ਮਾਰਦੀ ਬੰਦੇ ਨੂੰ,
ਪੰਖ ਕਿਸਮਤ ਦੇ ਖਿਲਾਰਦੀ ਹੈ।
ਪੱਟ ਕੇ ਖਾਂਦੀ ਅਣਖ ਬੰਦੇ ਨੂੰ,
ਦੂਜੀ ਦੁਨੀਆਂ ਦਾਰੀ ਮਾਰਦੀ ਹੈ।
ਯੋਧਿਆਂ ਵਾਂਗੂੰ ਨਾ ਗੱਜਿਆ ਜਾਣਾ,
ਦੋਗਲੀ ਜਬਾਨ ਇੱਥੇ ਮਾਰਦੀ ਹੈ।
ਹੱਕ ਵੋਟ ਦਾ ਤਾਂ ਹੈ ਅਸਾਂ ਦੇ ਕੋਲ,
ਪਰ ਕੀਮਤ ਬੋਤਲ ਸਰਾਬ ਦੀ ਹੈ।
ਹੱਕਾਂ ਲਈ ਸੀ ਹਿੱਕ ਹੈ ਤਾਣੀ,
ਸੂਰਬੀਰਾਂ ਦੀ ਜਿੰਦ ਨਿਮਾਣੀ।
ਲੁੱਟ ਖਾ ਗਈ ਵੰਡ ਏ ਕਾਣੀ,
ਇਹੋ ਗੱਲ ਜਿਹੀ ਮਾਰਦੀ ਹੈ।
ਵੇਖ ਇੱਥੇ ਅੱਜ ਮੋਹ ਮਾਇਆ ਨੂੰ,
ਨੀਤ ਸਾਡੀ ਫਿੱਟ ਜਾਂਵਦੀ ਹੈ।
ਕਿਸ ਲਈ ਯੋਧਿਓ ਕੁਰਬਾਨੀ ਦਿੱਤੀ,
ਇੱਥੇ ਦੁਨੀਆਂ ਤਾਂ ਬੜੀ ਹਰਾਮ ਦੀ ਹੈ।
ਅਸਾਂ ਚੌਹਾਂ ਪਾਸੇ ਨਿਗ੍ਹਾ ਹੈ ਗੱਡੀ,
ਕਿਉਂਕਿ ਲੋੜ ਯੋਧੇ ਦੀ ਜਾਪਦੀ ਹੈ।
“ਗਗਨ“ ਜਨਮ ਲਿਆ ਹੋਰਾਂ ਘਰ,
ਲਈ ਦੇਸ ਤੋਂ ਤੁਸਾਂ ਪ੍ਰਵਾਨਗੀ ਹੈ।
**ਗਗਨ ਫੂਲ**
**ਸੰਪ:- 75289-03512**

## ਨਵਾਂ ਦੌਰ

ਦਾਤਣਾਂ ਦੀ ਥਾਂ ਕੋਲਗੇਟ ਵਿੱਕਦੇ।
ਸ਼ਹਿਰਾਂ ਵਿੱਚ ਮਹਿੰਗੇ ਹਾਂ ਫਲੇਟ ਵਿੱਕਦੇ।
ਪੌੜੀਆਂ ਦੀ ਥਾਂ ਲਿਫਟਾਂ ਨੇ ਲੈ ਲਈ।
ਰਾਤ ਵਾਲ਼ੀ ਨੀਂਦ ਸਿਫਟਾਂ ਨੇ ਲੈ ਲਈ।
ਮੋਟਰਾਂ ਤੇ ਗੱਡੀਆਂ ਦਾ ਸ਼ੋਰ ਵੇਖਲੋ।
ਆਜੋ ਵੀਰੋ ਆਜੋ ਨਵਾਂ ਦੌਰ ਵੇਖਲੋ।
ਆਜੋ ਭੈਣੋ ਆਜੋ ਨਵਾਂ ਦੌਰ ਵੇਖਲੋ।
ਗੱਭਰੂ ਜਵਾਨ ਸ਼ੇਖੀਆਂ ਨੇ ਪੱਟਿਆ।
ਵਸਦਾ ਸੀ ਘਰ ਪੇਸ਼ੀਆਂ ਨੇ ਪੱਟਿਆ।
ਬੁੱਢੇ ਮਾਪੇ ਕਹਿਣ ਤੋਂ ਲਾਚਾਰ ਹੋ ਗਏ।
ਚੋਰੀ ਕਰ ਚੋਰ ਵੀ ਫਰਾਰ ਹੋ ਗਏ।
ਅਮਲੀ ਨੂੰ ਚੜੀ ਹੋਈ ਲੋਰ ਵੇਖਲੋ।
ਆਜੋ ਵੀਰੋ ਆਜੋ ਨਵਾਂ ਦੌਰ ਵੇਖਲੋ।
ਆਜੋ ਭੈਣੋ ਆਜੋ ਨਵਾਂ ਦੌਰ ਵੇਖਲੋ।
ਵੀਰਾਂ ਨਾਲ਼ ਭੈਣਾਂ ਦਾ ਕਲੇਸ਼ ਚੱਲਦਾ।
ਪੈਲ਼ੀ ਵਾਲ਼ੇ ਝਗੜੇ ਦਾ ਕੇਸ਼ ਚੱਲਦਾ।
ਕੱਪੜੇ ਨੂੰ ਵਾਸਿੰਗ ਮਸ਼ੀਨਾਂ ਧੋਂਦੀਆਂ।
ਗੈਸ ਚੁੱਲ੍ਹੇ ਅੱਗੇ ਖੜ੍ਹ ਨੂੰਹਾਂ ਰੋਂਦੀਆਂ।
ਸੋਹਰਿਆਂ ਦਾ ਧੀਆਂ ਉੱਤੇ ਜ਼ੋਰ ਵੇਖਲੋ।
ਆਜੋ ਵੀਰੋ ਆਜੋ ਨਵਾਂ ਦੌਰ ਵੇਖਲੋ।
ਆਜੋ ਭੈਣੋ ਆਜੋ ਨਵਾਂ ਦੌਰ ਵੇਖਲੋ।
ਸਕਿਆਂ ਵੀਰਾਂ ਦੇ ਵਿੱਚ ਪਿਆਰ ਨਾ ਰਿਹਾ।
ਵੱਡਿਆਂ ਦਾ ਉਹ ਸਤਿਕਾਰ ਨਾ ਰਿਹਾ।
ਧੰਨਿਆਂ ਓਏ ਹੱਦੋਂ ਮਹਿੰਗਾਈ ਮਾਰ ਗਈ।
ਫੋਕੀ ਬੱਲੇ ਬੱਲੇ ਤੇ ਚੜਾਈ ਮਾਰ ਗਈ।
ਲੱਚਰ ਸਮਾਜ ਵਾਲ਼ੀ ਤੋਰ ਵੇਖਲੋ।
ਆਜੋ ਵੀਰੋ ਆਜੋ ਨਵਾਂ ਦੌਰ ਵੇਖਲੋ।
ਆਜੋ ਭੈਣੋ ਆਜੋ ਨਵਾਂ ਦੌਰ ਵੇਖਲੋ।
**ਧੰਨਾ ਧਾਲੀਵਾਲ:-9878235714**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026


